Vide R.N.I. No. Pun-Pun 2002/8323 ASR/0001/2024/26

ੴ

ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਭੇਟਾ: 25/-

D.O.P. 15 May 2026

ਅੰਕ: 169






ਭਾਈ ਮੰਝ ਜੀ ਨੂੰ ਗੁਰੂ ਘਰ ਦੀ ਲਗਨ ਕਿਵੇਂ ਲੱਗੀ?

ਅੰਦਰ ਪੜ੍ਹੋ ਜੀ

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ

# ਭਾਵ ਭਿੰਨੀ ਸ਼ਰਧਾਂਜਲੀ



**ਭਾਈ ਹਰਭਜਨ ਸਿੰਘ ਜੀ**
(ਸੰਚਾਲਕ ਬੀਬੀ ਭਾਨੀ ਜੀ ਭਲਾਈ ਕੇਂਦਰ, ਲੁਧਿਆਣਾ)

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਅਪ੍ਰੈਲ ਮਹੀਨੇ ਦੀ 13 ਤਾਰੀਖ ਅੱਜ ਇੱਕ ਹੋਰ ਬਹੁਤ ਹੀ ਪਿਆਰਾ ਫੁੱਲ ਆਪਣੇ ਪੰਜ ਭੂਤਕ ਸਰੀਰ ਨੂੰ ਸੰਕੋਚਦਿਆਂ ਇਸ ਫਾਨੀ ਸੰਸਾਰ ਤੋਂ ਵਿਦਾ ਹੋ ਗਿਆ। ਇਸ ਲੋਕ ਵਿੱਚ ਅਕਾਲ ਪੁਰਖ ਵੱਲੋਂ ਬਖਸ਼ੀ ਸਵਾਸਾਂ ਰੂਪੀ ਪੰਜੀ ਨੂੰ ਗੁਰੂ ਪੰਥ ਦੇ ਲੇਖੇ ਲਗਾਉਂਦਿਆਂ ਪਰਲੋਕ ਦੀਆਂ ਯਾਤਰਾਵਾਂ ਵੱਲ ਤੁਰ ਪਿਆ। ਇਹ ਹਕੀਕਤ ਹੈ, ਜਿਵੇਂ ਪਾਵਨ ਗੁਰਬਾਣੀ ਤੋਂ ਸੇਧ ਮਿਲਦੀ ਹੈ:

*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥* (ਅੰਗ ੪੭੪)

ਜਿਹੜਾ ਇਸ ਸੰਸਾਰ ਵਿੱਚ ਆਇਆ ਹੈ ਉਸਨੇ ਬਿਨਸ ਜਾਣਾ ਹੈ, ਵਾਰੀ ਹਰ ਕਿਸੇ ਦੀ ਆਉਣੀ ਹੈ ਪਰ ਕਈ ਰੂਹਾਂ ਅਜਿਹੀਆਂ ਹੁੰਦੀਆਂ ਹਨ ਜੋ ਇਸ ਦੇਹੀ ਨੂੰ ਗੁਰੂ ਸਾਹਿਬ ਹੁਕਮ ਮੁਤਾਬਿਕ ਨਾਮ-ਸਿਮਰਨ ਤੇ ਪਾਵਨ ਗੁਰਬਾਣੀ ਦੇ ਨੇਮ ਵਿੱਚ ਰਹਿੰਦਿਆਂ ਅਤੇ ਸੰਸਾਰ ਦੇ ਭਲੇ ਲਈ ਨਿਸ਼ਕਾਮ ਕਾਰਜਾਂ ਨੂੰ ਕਰਦਿਆਂ ਨਾ ਕੇਵਲ ਸਫਲ ਕਰ ਜਾਂਦੇ ਹਨ ਬਲਕਿ ਅਜਿਹੀਆਂ ਪਗਡੰਡੀਆਂ ਬਣਾ ਜਾਂਦੇ ਹਨ ਜਿਨ੍ਹਾਂ ਤੋਂ ਸੇਧ ਲੈ ਕੇ ਹੋਰ ਕਈ ਆਪਣਾ ਜੀਵਨ ਸਫਲ ਕਰਨ ਦੀ ਬਿਰਤੀ ਧਾਰਨ ਕਰ ਲੈਂਦੇ ਹਨ।

ਮੇਰੀ ਮੁਰਾਦ ਹੈ, ਭਾਈ ਹਰਭਜਨ ਸਿੰਘ ਜੀ ਲੁਧਿਆਣੇ ਵਾਲਿਆਂ ਤੋਂ। ਬੜੀ ਪਿਆਰੀ ਰੂਹ, ਬੜੀ ਰੰਗੀ ਰੂਹ, ਬੜੀ ਨਿਸ਼ਕਾਮ ਰੂਹ। ਦਾਸ ਦੇ ਭਾਵੇਂ ਦੁਨੀਆਵੀ ਰਿਸ਼ਤੇ ਵਿੱਚ ਜੀਜਾ ਜੀ ਲੱਗਦੇ ਸਨ ਪਰ ਇਸ ਦੁਨਿਆਵੀ ਰਿਸ਼ਤੇ ਨਾਲੋਂ ਰੂਹਾਨੀ ਸਾਂਝ ਜ਼ਿਆਦਾ ਸੀ। ਹਸਮੁੱਖ ਚਿਹਰਾ, ਅਸੂਲਾਂ ਵਿੱਚ ਪ੍ਰਪੱਕ ਤੇ ਜਦੋਂ ਵੀ ਮੇਲ ਹੋਣਾ, ਕੇਵਲ ਭਲਾਈ ਕਾਰਜਾਂ ਦੀ ਹੀ ਗੱਲ ਕਰਨੀ। ਸ੍ਰੀ ਅੰਮ੍ਰਿਤਸਰ ਸਾਹਿਬ ਵਾਂਗ ਲੁਧਿਆਣੇ ਵਿਖੇ ਵੀ ਬੇਵਾ ਔਰਤਾਂ ਦੇ ਬੀਬੀ ਭਾਨੀ ਜੀ ਭਲਾਈ ਕੇਂਦਰ ਨੂੰ ਬੜੀ ਭਾਵਨਾ ਨਾਲ ਆਪਣਾ ਤਨ, ਮਨ, ਧਨ ਅਰਪਨ ਕਰਕੇ ਚਲਾਇਆ। ਇੰਝ ਕਹਿ ਲਈਏ ਕਿ ਇਸ ਸੰਸਥਾ ਪ੍ਰਤੀ ਉਨ੍ਹਾਂ ਨੇ ਆਪਣਾ ਜੀਵਨ ਲੇਖੇ ਲਗਾ ਦਿੱਤਾ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਭਲਾਈ ਕੇਂਦਰ ਬਣਾਉਣ ਦਾ ਵਿਚਾਰ ਜਦੋਂ ਆਇਆ ਤਾਂ ਭਾਈ ਹਰਭਜਨ ਸਿੰਘ ਜੀ ਨੇ ਖਿੜੇ ਮੱਥੇ ਇਸ ਸੇਵਾ ਨੂੰ ਸਵੀਕਾਰ ਕੀਤਾ। ਲੁਧਿਆਣੇ ਦੇ ਹਰਨਾਮ ਨਗਰ ਇਲਾਕੇ ਵਿੱਚ ਇਸ ਸੰਸਥਾ ਦੀ ਸ਼ੁਰੂਆਤ ਕੀਤੀ ਤੇ ਫਿਰ ਜਿਵੇਂ ਸੇਵਾ ਵਿੱਚ ਵਾਧਾ ਹੁੰਦਾ ਗਿਆ, ਸੰਗਤ ਦਾ ਦਾਇਰਾ ਵਧਦਾ ਗਿਆ ਤੇ ਫਿਰ ਬੀਬੀ ਭਾਨੀ ਜੀ ਭਲਾਈ ਕੇਂਦਰ ਨੂੰ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਤਬਦੀਲ ਕੀਤਾ ਗਿਆ।

ਇਹ ਭਾਈ ਹਰਭਜਨ ਸਿੰਘ ਜੀ ਦੀ ਨਿਸ਼ਕਾਮ ਸ਼ਖਸੀਅਤ ਸੀ ਕਿ ਉਨ੍ਹਾਂ ਨੇ ਬੜੀ ਲਗਨ ਤੇ ਮਿਹਨਤ ਨਾਲ ਇਸ ਸੰਸਥਾ ਨੂੰ ਸਿੰਜਿਆ ਤੇ ਜਿਹੜਾ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਇਆ, ਉਨ੍ਹਾਂ ਦੀ ਬੇਦਾਗ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ। ਗੁਰੂ ਸਾਹਿਬ ਦੀ ਕਿਰਪਾ, ਧੰਨ ਮਾਤਾ ਭਾਨੀ ਜੀ ਦੀ ਅਪਾਰ ਬਖਸ਼ਿਸ਼ ਜਿਨ੍ਹਾਂ ਦੇ ਨਾਂ ਤੇ ਸੰਸਥਾ ਦਾ ਨਾਂ ਰੱਖਿਆ ਗਿਆ ਤੇ ਸਾਰੀਆਂ ਸੰਗਤਾਂ ਦੇ ਸਹਿਯੋਗ ਨਾਲ ਅੱਜ ਇਹ ਸੰਸਥਾ ਅਨੇਕਾਂ ਬੇਵਾ ਔਰਤਾਂ ਨੂੰ ਹਰ ਮਹੀਨੇ ਰਾਸ਼ਨ ਤੇ ਹੋਰ ਜ਼ਰੂਰਤ ਦੀਆਂ ਵਸਤਾਂ ਮੁਹੱਈਆ ਕਰਵਾ ਕੇ ਸੇਵਾ ਕਰਕੇ ਅਸੀਸਾਂ ਲੈ ਰਹੀ ਹੈ। ਇੱਥੇ ਹੀ ਬੱਸ ਨਹੀਂ ਬੱਚੀਆਂ ਨੂੰ ਕੰਪਿਊਟਰ ਤੇ ਸਿਲਾਈ ਦੇ ਕੋਰਸ ਵੀ ਕਰਵਾਏ ਜਾਂਦੇ ਹਨ ਤਾਂ ਕਿ ਉਹ ਆਪਣੇ ਪੈਰਾਂ ਤੇ ਆਪ ਖੜ੍ਹੀਆਂ ਹੋ ਸਕਣ। ਅੱਜ ਬੀਬੀ ਭਾਨੀ ਜੀ ਭਲਾਈ ਕੇਂਦਰ ਦੇ ਚੱਪੇ ਚੱਪੇ ਤੇ ਭਾਈ ਹਰਭਜਨ ਸਿੰਘ ਜੀ ਦੀ ਸ਼ਖਸੀਅਤ ਮਹਿਕਾਂ ਬਿਖੇਰਦੀ ਮਹਿਸੂਸ ਹੁੰਦੀ ਹੈ। ਅਸੂਲ ਦੇ ਇੰਨੇ ਪੱਕੇ ਸਨ ਕਿ ਭਲਾਈ ਕੇਂਦਰ ਤੋਂ ਉਨ੍ਹਾਂ ਨੇ ਇੱਕ ਬੱਚਿਆਂ ਨੂੰ ਵੰਡਣ ਵਾਲੀ ਟੌਫੀ ਵੀ ਲੈ ਕੇ ਨਹੀਂ ਖਾਧੀ। ਅਖੀਰਲੀ ਉਮਰ ਵਿੱਚ ਭਾਵੇਂ ਦਿਲ ਦੀ ਬਿਮਾਰੀ ਕਾਰਨ ਸਰੀਰ ਬਹੁਤਾ ਸਾਥ ਨਹੀਂ ਦਿੰਦਾ ਸੀ ਪਰ ਫਿਰ ਵੀ ਆਪਣੀ ਡਿਊਟੀ ਦੀ, ਆਪਣੇ ਫਰਜ਼ ਦੀ ਪਾਲਣਾ ਕਰਨ ਲਈ ਹਰ ਰੋਜ਼ ਬੀਬੀ ਭਾਨੀ ਜੀ ਭਲਾਈ ਕੇਂਦਰ ਵਿਖੇ ਆਉਂਦੇ ਸਨ ਤੇ ਸਾਰੇ ਕਾਰਜਾਂ ਨੂੰ ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ ਆਪਣੀ ਨਿਗਰਾਨੀ ਵਿੱਚ ਸਿਰੇ ਚੜ੍ਹਾਉਂਦੇ ਸਨ। ਹਰ ਕੋਈ ਸਟੇਜ ਤੇ ਪ੍ਰਚਾਰਕ ਨਹੀਂ ਬਣ ਸਕਦਾ ਪਰ ਕਈਆਂ ਦਾ ਜੀਵਨ ਹੀ ਐਸੀ ਕਰਨੀ ਵਾਲਾ ਹੁੰਦਾ ਕਿ ਉਨ੍ਹਾਂ ਦਾ ਜੀਵਨ ਦੇਖ ਕੇ ਕਈਆਂ ਦਾ ਜੀਵਨ ਬਦਲ ਜਾਂਦਾ ਹੈ। ਭਾਈ ਹਰਭਜਨ ਸਿੰਘ ਜੀ ਉਸ ਸ਼ਖਸੀਅਤ ਦੇ ਮਾਲਕ ਸਨ। 13 ਅਪ੍ਰੈਲ ਦਾ ਦਿਨ ਖਾਲਸਾ ਦੇ ਆਗਮਨ ਦਿਹਾੜੇ ਤੋਂ ਇੱਕ ਦਿਨ ਪਹਿਲਾਂ ਤੇ ਉਸ ਦਿਨ ਸਿੱਖ ਦਸਤਾਰ ਦਿਵਸ ਸੀ, ਜਿਸ ਦਿਨ ਉਨ੍ਹਾਂ ਨੇ ਆਪਣਾ ਚੋਲਾ ਬਦਲਿਆ। ਅਕਾਲ ਪੁਰਖ ਦੇ ਹੁਕਮ ਮੁਤਾਬਿਕ ਭਾਵੇਂ ਉਨ੍ਹਾਂ ਦਾ ਪੰਜ ਭੂਤਕ ਸਰੀਰ ਸਾਡੇ ਵਿੱਚ ਨਹੀਂ ਰਿਹਾ ਪਰ ਉਨ੍ਹਾਂ ਦੀਆਂ ਸਿੱਖ ਪੰਥ ਪ੍ਰਤੀ ਨਿਸ਼ਕਾਮ ਸੇਵਾਵਾਂ ਪਲ ਪਲ ਉਨ੍ਹਾਂ ਦੀ ਯਾਦ ਤਾਜ਼ਾ ਕਰਵਾਉਂਦੀਆਂ ਰਹਿਣਗੀਆਂ। ਗੁਰੂ ਸਾਹਿਬ ਇਸ ਪਿਆਰੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀਆਂ ਪਾਈਆਂ ਲੀਹਾਂ ਤੇ ਤੁਰਨ ਦੀ ਪ੍ਰੇਰਨਾ ਦੇਣ ਤਾਂ ਕਿ ਉਨ੍ਹਾਂ ਵਾਂਗ ਸਾਡਾ ਜੀਵਨ ਵੀ ਗੁਰੂ ਚਰਨਾਂ ਦੇ ਲੇਖੇ ਲੱਗ ਕੇ ਸਫਲ ਹੋ ਸਕੇ।

*-ਦਾਸਨ ਦਾਸ ਭਾਈ ਗੁਰਇਕਬਾਲ ਸਿੰਘ*

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-169ਵਾਂ (2026)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਧੰਨ ਧੰਨ ਭਾਈ ਮੰਝ ਜੀ 5
- ਜ਼ਿੰਦਗੀ ਦੀਆਂ ਬਰੀਕੀਆਂ 13
- ਅਧਿਆਤਮਿਕ ਵਿਚਾਰਾਂ 15
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 16
- ਆਗਮਨ ਕਥਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 19
- ਗੁਰ ਇਤਿਹਾਸ ਪ੍ਰਸ਼ਨੋਤਰੀ 29
- ਅਨਮੋਲ ਬਚਨ 32
- नीचह ऊच करै मेरा गोबिंदु ... 33
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 39
- जिंदगी की बारीकियाँ 40
- How to Get Sacrificed unto Guru Arjan Dev Ji? 42
- What is Life for a Sikh? 49

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
-ਸੰਪਾਦਕ

# ਸੰਪਾਦਕੀ...

ਗੁਰੂ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਪਾਵਨ ਗੁਰਬਾਣੀ ਵਿੱਚ ਪੰਜਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇੱਕ ਪੰਕਤੀ ਉਚਾਰਨ ਕੀਤੀ ਹੈ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਦਾ ਪਾਠ ਕਰਦਿਆਂ ਇਸ ਪੰਕਤੀ ਦੇ ਦਰਸ਼ਨ ਹੁੰਦੇ ਹਨ:

***ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥***
***ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥***
***ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥੮॥੨੩॥***

*(ਅੰਗ ੨੯੪)*

ਇਸ ਸੰਸਾਰ ਵਿੱਚ ਵੱਧ ਰਹੀ ਤ੍ਰਿਸ਼ਨਾ ਅਤੇ ਵਾਸ਼ਨਾ ਦੇ ਵੇਗ ਨੂੰ ਠੱਲ ਪਾਉਣ ਲਈ ਅਤੇ ਸੰਸਾਰ ਨੂੰ ਸੱਚ ਦੇ ਰਾਹ ਤੇ ਤੋਰਨ ਵਾਸਤੇ ਅਕਾਲ ਪੁਰਖ ਕਿਸੇ ਨਾ ਕਿਸੇ ਮਹਾਂਪੁਰਸ਼ ਨੂੰ ਇਸ ਸੰਸਾਰ ਵਿੱਚ ਭੇਜਦਾ ਰਹਿੰਦਾ ਹੈ ਅਤੇ ਉਹ ਮਹਾਂਪੁਰਸ਼ ਫਿਰ ਤਪਦੀ ਹੋਈ ਲੋਕਾਈ ਨੂੰ ਅਕਾਲ ਪੁਰਖ ਦੇ ਨਾਲ ਜੋੜਦਿਆਂ ਉਨ੍ਹਾਂ ਦੇ ਹਿਰਦਿਆਂ ਨੂੰ ਸ਼ਾਂਤ ਕਰਦੇ ਹਨ। ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਮਹਾਂਪੁਰਸ਼ ਕੁਝ ਇਸ ਪ੍ਰਕਾਰ ਦੀ ਬਿਰਤੀ ਦੇ ਮਾਲਕ ਸਨ ਜਿਨ੍ਹਾਂ ਨੇ ਨਿਮਰਤਾ, ਹਲੀਮੀ, ਸ਼ਾਂਤੀ, ਧੀਰਜ, ਗੰਭੀਰਤਾ, ਸਹਿਨਸ਼ੀਲਤਾ ਵਰਗੇ ਗੁਣਾਂ ਨੂੰ ਧਾਰਨ ਕਰਦਿਆਂ ਇੱਕ ਨਿਪੁੰਨ ਮਲਾਹ ਦੀ ਤਰ੍ਹਾਂ ਕਈਆਂ ਨੂੰ ਸਿੱਧੇ ਰਾਹ ਤੇ ਪਾ ਕੇ ਉਨ੍ਹਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਪਾਕਿਸਤਾਨ ਦੀ ਪੋਠੋਹਾਰ ਦੀ ਉਹ ਧਰਤੀ ਜਿੱਥੇ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਜਨਮ ਲਿਆ। ਉਨ੍ਹਾਂ ਦੇ ਜਨਮ ਨਾਲ ਇਹ ਧਰਤੀ ਭਾਗਾਂ ਵਾਲੀ ਬਣ ਗਈ। ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪਾਵਨ ਚਰਨ ਛੋਹ ਧਰਤੀ ਸ੍ਰੀ ਪੰਜਾ ਸਾਹਿਬ, ਹਸਨ ਅਬਦਾਲ ਤੋਂ 30 ਕਿਲੋਮੀਟਰ ਦੀ ਦੂਰੀ ਤੇ ਖੁੱਲ੍ਹੀਆਂ ਚਰਾਦਾਂ, ਵਹਿੰਦੇ ਚਸ਼ਮੇ, ਸੁਹਾਵਣੇ ਫਲਾਂ ਦੇ ਲੱਦੇ ਬ੍ਰਿਛ, ਖੁਸ਼ਬੂਦਾਰ ਫੁੱਲਾਂ ਦੀਆਂ ਬਗੀਚੀਆਂ ਦੀ ਇਹ ਧਰਤੀ ਜਿਸਨੂੰ ਜ਼ਿਲ੍ਹਾ ਰਾਵਲ ਪਿੰਡੀ ਦੀ ਤਹਿਸੀਲ ਗੁਜ਼ਰਖਾਨ ਕਹਿੰਦੇ ਹਨ। ਇੱਥੇ ਪਿੰਡ ਹੈ ਕਾਜ਼ੀਆਂ ਨਗਰ ਜਿੱਥੇ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਮਹਾਂਪੁਰਸ਼ਾਂ ਦਾ ਜਨਮ ਬਾਬਾ ਕਿਰਪਾ ਸਿੰਘ ਜੀ ਦੇ ਘਰ ਮਾਤਾ ਸੂਬੀ ਕੌਰ ਜੀ ਦੀ ਕੁੱਖ ਤੋਂ ਹੋਇਆ। ਬਚਪਨ ਤੋਂ ਹੀ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਮਹਾਂਪੁਰਸ਼ਾਂ ਦੀ ਬਿਰਤੀ ਗੁਰਬਾਣੀ ਅਤੇ ਨਾਮ ਸਿਮਰਨ ਅਭਿਆਸ ਵਿੱਚ ਰਹੀ। ਐਸੀ ਅਭੇਦਤਾ ਬਣੀ ਕਿ ਆਪ ਜੀ ਸੰਗਤ ਨਾਲ ਹੀ ਬੇਅੰਤ ਸਿੱਖ ਬਿਬੇਕੀ ਤੇ ਬਿਰਹਾਂ ਦੀ ਅਵਸਥਾ ਦੇ ਧਾਰਨੀ ਬਣਦਿਆਂ ਬ੍ਰਹਮ ਗਿਆਨ ਨੂੰ ਪਹੁੰਚੇ। 18 ਸਾਲ ਦੀ ਉਮਰ ਵਿੱਚ ਆਪ ਜੀ ਦੀ ਫੌਜ ਵਿੱਚ ਭਰਤੀ ਹੋਈ। 1857 ਦੇ ਗਦਰ ਸਮੇਂ ਜਦੋਂ ਹਰ ਪਾਸੇ ਲੁੱਟ ਪਈ ਹੋਈ ਸੀ, ਇਸ ਸਮੇਂ ਆਪ ਜੀ ਨੇ ਆਪਣੇ ਉੱਚੇ ਸੁੱਚੇ ਕਿਰਦਾਰ ਨੂੰ ਸੰਭਾਲਦਿਆਂ ਕਈ ਬੱਚੀਆਂ ਦੀ ਪੱਤ ਬਚਾਈ ਤੇ ਕਈ ਮਾਵਾਂ ਦੇ ਪੁੱਤਾਂ ਨੂੰ ਬਚਾਇਆ। ਇੱਥੋਂ ਤੱਕ ਕਿ ਕਈ ਗਊਆਂ ਨੂੰ ਵੀ ਅੱਗ ਦੀ ਲਪੇਟ ਤੋਂ ਬਚਾਇਆ। ਆਪ ਜੀ ਦਾ ਕਈ ਮਹਾਂਪੁਰਸ਼ਾਂ ਨਾਲ ਮੇਲ ਹੋਇਆ। ਮਰਦਾਨ ਵਿੱਚ ਕਲਪਾਨੀ ਨਦੀ ਦੇ ਤੱਟ ਤੇ ਆਪ ਜੀ ਘੋਰ ਬੰਦਗੀ ਕਰਦੇ ਸਨ। ਫਿਰ ਜਦੋਂ ਬੰਦਗੀ ਵਿੱਚ ਲੀਨ ਹੁੰਦਿਆਂ ਸਮੇਂ ਦਾ ਪਤਾ ਨਾ ਲੱਗਿਆ ਤੇ ਡਿਊਟੀ ਤੇ ਨਾ ਜਾ ਸਕੇ ਤੇ ਅਕਾਲ ਪੁਰਖ ਨੇ ਆਪ ਡਿਊਟੀ ਦਿੱਤੀ। ਇਸ ਕੌਤਕ ਦਾ ਪਤਾ ਲੱਗਣ ਤੇ ਆਪ ਜੀ ਨੇ ਫੌਜ ਦੀ ਨੌਕਰੀ ਤਿਆਗ ਦਿੱਤੀ ਤੇ ਆਪਣਾ ਸਾਰਾ ਜੀਵਨ ਗੁਰੂ ਕਲਗੀਧਰ ਪਿਤਾ ਜੀ ਦੇ ਲੇਖੇ ਲਗਾ ਦਿੱਤਾ। ਅਲਪ ਅਹਾਰ ਲੈਂਦਿਆਂ, ਇਸ ਤਰ੍ਹਾਂ ਭਜਨ ਬੰਦਗੀ ਕਰਦਿਆਂ ਤੇ ਲੋਕਾਈ ਦਾ ਭਲਾ ਕਰਦਿਆਂ ਆਪਣਾ ਜੀਵਨ ਗੁਰੂ ਚਰਨਾਂ ਦੇ ਲੇਖੇ ਲਗਾ ਦਿੱਤਾ। ਆਪ ਜੀ ਜਗਿਆਸੂ ਨੂੰ ਪ੍ਰੇਰਨਾ ਦਿੰਦੇ ਸਨ: ਕਿਸੇ ਨਾਲ ਤਰਕ ਨਹੀਂ ਕਰਨੀ, ਨਾਮ ਬਾਣੀ ਨਾਲ ਪਿਆਰ ਰੱਖਣਾ, ਅੰਮ੍ਰਿਤ ਵੇਲੇ ਦੀ ਕਦਰ ਕਰਨੀ, ਹਰ ਇੱਕ ਜੀਵ ਦਾ ਭਲਾ ਲੋਚਣਾ, ਗਰੀਬਾਂ ਤੇ ਤਰਸ ਕਰਨਾ, ਗੁਰੂ ਸਾਹਿਬ ਨੂੰ ਸ਼ਾਖਸ਼ਾਤ ਅਕਾਲ ਪੁਰਖ ਦਾ ਰੂਪ ਨਿਸ਼ਚੇ ਕਰਨਾ, ਸਾਧ ਸੰਗਤ ਦੀ ਵਾੜ ਵਿੱਚ ਜੀਵਨ ਬਤੀਤ ਕਰਨਾ।

ਅਜਿਹੀ ਬਖਸ਼ੀ ਹੋਈ ਰੂਹ ਦੀ 100 ਸਾਲਾ ਪਾਵਨ ਜਨਮ ਸ਼ਤਾਬਦੀ ਜੁਲਾਈ ਮਹੀਨੇ ਵਿੱਚ ਆ ਰਹੀ ਹੈ ਅਤੇ ਇਹ ਜਨਮ ਸ਼ਤਾਬਦੀ ਮਨਾਉਂਦਿਆਂ ਆਓ ਅਸੀਂ ਵੀ ਗੁਰੂ ਸਾਹਿਬ ਦੀ ਕਿਰਪਾ ਨਾਲ ਅੰਮ੍ਰਿਤ ਵੇਲੇ ਦੀ ਸੰਭਾਲ ਕਰੀਏ, ਅੰਮ੍ਰਿਤਮਈ ਬਾਣੀ ਦਾ ਵੱਧ ਤੋਂ ਵੱਧ ਅਭਿਆਸ ਕਰੀਏ ਤੇ ਖੰਡੇ ਦੀ ਪਾਹੁਲ ਲੈ ਕੇ ਗੁਰੂ ਵਾਲੇ ਬਣੀਏ ਤਾਂ ਕਿ ਸਾਡਾ ਵੀ ਲੋਕ ਸੁਖੀ ਤੇ ਪਰਲੋਕ ਸੁਹੇਲਾ ਹੋ ਸਕੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

## ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ- ਧੰਨ ਧੰਨ ਭਾਈ ਮੰਝ ਜੀ

# ਭਾਈ ਮੰਝ ਜੀ ਨੂੰ ਗੁਰੂ ਘਰ ਦੀ ਲਗਨ ਕਿਵੇਂ ਲੱਗੀ?

(VCD 524)

*—ਸੰਪਾਦਕ*

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—''ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਵਿੱਚੋਂ- ਧੰਨ ਧੰਨ ਭਾਈ ਮੰਝ ਜੀ ਦੇ ਜੀਵਨ ਤੇ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ॥੧੨॥***

*(ਵਾਰ ੧੯, ਪਉੜੀ ੧੨)*

ਸਾਰੀ ਸੰਗਤ ਸ਼ੁਕਰਾਨਾ ਕਰੀਏ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਜਿਨ੍ਹਾਂ ਨੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੂੰ ਸਦਾ ਸਦਾ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਤੱਖ ਬਿਠਾ ਦਿੱਤਾ, ਉਨ੍ਹਾਂ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ। ਇੱਕ ਪ੍ਰਕਰਨ ਦੀ ਸਤਿਗੁਰੂ ਜੀ ਸੇਵਾ ਲੈ ਰਹੇ ਹਨ:

**ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ:**

ਇਸ ਅੰਕ ਵਿੱਚ ਅਸੀਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਪਿਆਰੇ ਸਿੱਖ:

***ਧੰਨ ਧੰਨ ਭਾਈ ਮੰਝ ਜੀ।***

ਦੇ ਦਰਸ਼ਨ ਕਰਨੇ ਹਨ। ਗੁਰਬਾਣੀ ਨੇ ਮੰਨਿਆ ਹੈ ਕਿ ਮਨ ਪੰਛੀ ਦੀ ਤਰ੍ਹਾਂ ਹੈ। ਜਿਹੋ ਜਿਹੀ ਇਸ ਨੂੰ ਸੰਗਤ ਮਿਲਦੀ ਹੈ, ਉਹੋ ਜਿਹਾ ਰੰਗ ਚੜ੍ਹਦਾ ਹੈ।

***ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥***
***ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥੮੬॥***

*(ਅੰਗ ੧੩੬੯)*

ਮਨ ਨੂੰ ਚੰਗੀ ਸੰਗਤ ਮਿਲੇ ਤੇ ਚੰਗੇ ਗੁਣ

ਗ੍ਰਹਿਣ ਕਰੇਗਾ। ਸੰਗਤ ਗਲਤ ਮਿਲ ਜਾਵੇ ਤੇ ਗਲਤ ਪਾਸੇ ਚਲਾ ਜਾਵੇਗਾ। ਸਾਰੀ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਕੰਨ ਫੜ੍ਹ ਫੜ੍ਹ ਕੇ, ਗਲ ਵਿੱਚ ਪੱਲੇ ਪਾ ਪਾ ਕੇ ਰੋਜ਼ ਅਰਦਾਸਾਂ ਕਰਿਆ ਕਰੋ, ਕਿਸੇ ਡਿੱਗੇ, ਧੱਕੇ, ਨਿੰਦਕ ਦਾ ਸੰਗ ਨਾ ਦੇਣਾ ਜਿਸ ਦੇ ਮਿਲਣ ਨਾਲ ਆਪ ਜੀ ਵਿਸਰ ਜਾਓ। ਆਪਣੇ ਬਖਸ਼ਿਆਂ ਦਾ ਸੰਗ ਬਖਸ਼ਣਾ। ਇਹ ਰੰਗ ਲੱਗੇ, ਇਹ ਰੰਗ ਚੜ੍ਹੇ ਕਿਉਂਕਿ ਮਨ ਸੰਗਤ ਕਬੂਲਦਾ ਹੈ।

ਤੁਸੀਂ ਕਦੀ ਵੇਖੋ ਆਪਣੇ ਪਰਿਵਾਰ ਵਿੱਚ, ਰਿਸ਼ਤੇਦਾਰੀ ਵਿੱਚ ਕੋਈ ਬੱਚੀ ਚੰਗੀ ਭਲੀ ਹੋਵੇਗੀ, ਪਰ ਕਦੀ ਉਸ ਦੇ ਬੋਲਣ ਦਾ ਢੰਗ ਬਦਲ ਜਾਵੇ, ਅਵਾਜ਼ ਦਾ :MKSLE ਉੱਚਾ ਹੋ ਜਾਵੇ, ਉਸ ਦੀ ਬੋਲੀ ਬਦਲ ਜਾਵੇ, ਉਸ ਦੇ ਬੋਲਣ ਚਾਲਣ ਦਾ ਢੰਗ ਬਿਲਕੁਲ ਹੋਰ ਤਰ੍ਹਾਂ ਹੋ ਜਾਵੇ, ਤੁਸੀਂ ਕਦੀ ਨੋਟ ਕਰਨਾ, ਇਸ ਦਾ ਮਤਲਬ ਉਸ ਦੇ ਮਗਰ ਉਸ ਨੂੰ ਕੋਈ ਸੰਗਤ ਗਲਤ ਮਿਲੀ ਹੋਵੇਗੀ। ਇਹ ਅਸਰ ਕਬੂਲਦੀ ਹੈ। ਇਹ ਚੀਜ਼ਾਂ ਬੋਲਣੀਆਂ ਨਹੀਂ ਚਾਹੀਦੀਆਂ। ਦਾਸ ਨੂੰ ਇੱਕ ਸੱਜਣ ਕਹਿਣ ਲੱਗਾ, ਇਸ ਬੰਦੇ ਦਾ ਪਹਿਰਾਵਾ ਧਾਰਮਿਕ ਹੈ ਪਰ ਇਸ ਦਾ ਮੋਬਾਈਲ ਖੋਲ ਕੇ ਵੇਖੋ, ਇਸ ਦੇ ਮੋਬਾਇਲ ਵਿੱਚ ਸੌ ਫਿਲਮਾਂ ਗਲਤ ਭਰੀਆਂ ਪਈਆਂ ਹਨ। ਦਾਸ ਦਾ ਵਾਕਫ ਵੀ ਸੀ। ਦਾਸ ਸਾਈਡ ਤੇ ਲੈ ਗਿਆ। ਦਾਸ ਨੇ ਕਿਹਾ, ਬੇਟਾ ਨਾ ਮੈਂ ਤੇਰਾ ਮੋਬਾਇਲ ਫੜ੍ਹਨਾ ਹੈ, ਨਾ ਮੈਨੂੰ ਲੱਭਣਾ ਆਉਂਦਾ ਹੈ। ਪਤਾ ਲੱਗਾ ਹੈ ਕਿ ਗਲਤ ਪਿਕਚਰਾਂ, ਵਾਸ਼ਨਾ ਪੈਦਾ ਕਰਨ ਵਾਲੀਆਂ ਤੂੰ ਆਪਣੇ ਮੋਬਾਇਲ ਵਿੱਚ ਭਰੀਆਂ ਹੋਈਆਂ ਹਨ, ਇਹ ਨਰਕ ਹੈ। ਉਹੀ ਬਚਿਆ ਰਹੇਗਾ ਜਿਹੜਾ ਸੰਗਤ ਦੇ ਕਿਲ੍ਹੇ ਨਾਲ ਜੁੜਿਆ ਰਹੇਗਾ। ਨਹੀਂ ਤਾਂ ਕਲਯੁਗ ਛਾਲਾਂ ਮਾਰਦਾ ਹੈ, ਇੰਟਰਨੈੱਟ ਰਾਹੀਂ, ਯੂ ਟਿਊਬ ਰਾਹੀਂ ਮੋਬਾਇਲਾਂ ਵਿੱਚ ਆ ਜਾਂਦਾ ਹੈ ਤੇ ਲੈਪਟਾਪ ਵਿੱਚ ਵੀ ਆ ਜਾਂਦਾ ਹੈ। ਦਾਸ ਨੇ ਉਸ ਨੂੰ ਇਸ਼ਾਰਾ ਦਿੱਤਾ, ਤੂੰ ਤਾਂ ਇਹੋ ਜਿਹਾ ਨਹੀਂ ਸੀ। ਕਹਿਣ ਲੱਗਾ, ਇੱਕ ਬੰਦੇ ਦਾ ਗਲਤ ਸੰਗ ਮਿਲ ਗਿਆ। ਉਸ ਨੇ ਇੱਕ ਭਰ ਦਿੱਤੀ, ਉਸ ਤੋਂ ਬਾਅਦ ਹੈਂਡਲ ਇਧਰ ਮੁੜ ਗਿਆ। ਹਰ ਵੇਲੇ ਅਰਦਾਸ ਕਰਿਆ ਕਰੋ, ਸਤਿਗੁਰੂ ਜੀ!

***ਸੇਈ ਪਿਆਰੇ ਮੇਲ***
***ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ।***

ਮੈਨੂੰ ਉਹੋ ਜਿਹਾ ਸੰਗ ਨਾ ਦੇਣਾ ਜਿਹੜਾ ਮੇਰੇ ਜੀਵਨ ਨੂੰ ਨਰਕ ਬਣਾ ਦੇਵੇ। ਇਹ ਜਿਹੜਾ ਪ੍ਰਕਰਨ ਚੱਲ ਰਿਹਾ ਹੈ, ਇਸ ਦਾ ਮੁੱਢ ਮਤਲਬ ਹੀ ਇਹੋ ਹੈ ਕਿ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਜਿਨ੍ਹਾਂ ਦੀ ਜ਼ਿੰਦਗੀ ਵਿੱਚੋਂ ਪੜ੍ਹ ਕੇ, ਸੁਣ ਕੇ ਗੁਰੂ ਸਾਹਿਬ ਨਾਲ ਪਿਆਰ ਹੀ ਲੱਭੇਗਾ, ਗੁਰੂ ਸਾਹਿਬ ਤੋਂ ਦੂਰੀ ਨਹੀਂ ਲੱਭੇਗੀ। ਅੱਜ ਜਿਹੜੇ ਗੁਰਮੁਖ ਪਿਆਰੇ ਦੇ ਜੀਵਨ ਬਾਰੇ ਸਾਂਝ ਪਾਉਣੀ ਹੈ, ਉਨ੍ਹਾਂ ਦਾ ਨਾਂ ਬੜੇ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ:

### ***ਧੰਨ ਧੰਨ ਭਾਈ ਮੰਝ ਜੀ***

ਭਾਈ ਮੰਝ ਜੀ ਗੁਰੂ ਚਰਨਾਂ ਵਿੱਚ ਕਿਵੇਂ ਆਏ, ਕਿਵੇਂ ਗੁਰੂ ਸਾਹਿਬ ਨੂੰ ਮਿਲੇ ਤੇ ਗੁਰੂ ਸਾਹਿਬ ਨੇ ਉਨ੍ਹਾਂ ਤੇ ਕੀ-ਕੀ ਬੈਨ ਲਗਾਏ ਜਿਨ੍ਹਾਂ ਨੂੰ ਪਿਤਾ ਜੀ ਸਾਂਝਾ ਕਰਵਾ ਲੈਣ। ਇਹ ਰੋਜ਼ ਪੱਲਾ ਪਾ ਕੇ ਗਲ ਵਿੱਚ ਅਰਦਾਸ ਕਰਿਆ ਕਰੋ:

***ਸੇਈ ਪਿਆਰੇ ਮੇਲ***
***ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ।***

ਸਤਿਗੁਰੂ ਜੀ! ਉਨ੍ਹਾਂ ਦਾ ਹੀ ਮੇਲ ਕਰਵਾਉਣਾ ਜਿਨ੍ਹਾਂ ਦੇ ਮਿਲਣ ਨਾਲ ਤੇਰਾ ਨਾਮ ਚਿੱਤ ਆਵੇ। ਆਓ ਭਾਈ ਮੰਝ ਜੀ ਦੇ ਜੀਵਨ ਦੀਆਂ ਕੁਝ ਝਲਕਾਂ ਗੁਰੂ ਸਾਹਿਬ ਸਾਂਝੀਆਂ ਕਰਵਾਉਣ। ਪਹਿਲਾਂ ਇੱਕ ਵਾਰੀ ਪੜ੍ਹ ਲਓ ਜੀ:

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਜ਼ਿਲ੍ਹਾ ਜਲੰਧਰ ਕੋਲ ਇਨ੍ਹਾਂ ਦਾ ਨਗਰ ਹੈ, ਕੁਝ ਰਾਈਟਰਾਂ ਨੇ ਲਿਖਿਆ ਹੈ। ਰਾਜਪੂਤ ਗੋਤ ਹੈ। ਆਪਣੇ ਪਿੰਡ ਦੇ ਭਾਈ ਮੰਝ ਜੀ ਚੌਧਰੀ ਸਨ। ਭਾਈ ਵੀਰ ਸਿੰਘ ਜੀ ਨੇ ਇੱਥੋਂ ਤੱਕ ਲਿਖਿਆ ਹੈ ਕਿ ਇਨ੍ਹਾਂ ਦਾ ਨਾਂ ਭਾਈ ਤੀਰਥਾ ਸੀ। ਮੰਝ ਗੋਤ ਸੀ। ਇਤਿਹਾਸ ਵਿੱਚ ਭਾਈ ਤੀਰਥਾ ਨਾਂ ਦੇ ਹੋਰ ਸਿੱਖ ਹੋਣ ਕਰਕੇ ਇਨ੍ਹਾਂ ਦਾ ਨਾਂ ਭਾਈ ਮੰਝ ਜੀ ਪ੍ਰਸਿੱਧ ਹੋ ਗਿਆ। ਹੁਸ਼ਿਆਰਪੁਰ ਦੇ ਕੋਲ ਪਿੰਡ ਕੰਗ ਮਾਈ ਜਿੱਥੇ ਉਨ੍ਹਾਂ ਦਾ ਅਖੀਰਲਾ ਵੇਲਾ ਹੋਇਆ ਤੇ ਉੱਥੇ ਇਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਹੈ। ਪਦਵੀ ਪਾਉਣ ਤੋਂ ਬਾਅਦ ਉੱਥੇ ਟਿਕ ਗਏ। ਤਰਨ ਤਾਰਨ ਰੋਡ ਤੇ ਭਾਈ ਮੰਝ ਜੀ ਦਾ ਖੂਹ, ਉਹ ਵੀ ਇਨ੍ਹਾਂ ਦਾ ਇਤਿਹਾਸਿਕ ਅਸਥਾਨ ਹੈ, ਜਿੱਥੇ ਅੱਜ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਪਿੰਡ ਕੰਗ ਮਾਈ ਹੁਸ਼ਿਆਰਪੁਰ ਦੀ ਤਹਿਸੀਲ ਹੈ, ਉੱਧਰ ਵੀ ਅਸਥਾਨ ਹੈ। ਇਤਿਹਾਸਕਾਰਾਂ ਨੇ ਲਿਖਿਆ ਹੈ, ਭਾਈ ਮੰਝ ਜੀ ਕੋਲ ਮਾਲ ਡੰਗਰ ਬਹੁਤ ਸੀ। ਧਨ ਵੀ ਬਹੁਤ ਸੀ। ਹੁਣ ਪਹਿਲੀ ਗੱਲ ਕਹਿਣੀ ਪੈ ਰਹੀ ਹੈ, ਸਖੀ ਸਰਵਰ ਦੇ ਉਪਾਸ਼ਕ ਸਨ। ਨਿਗਾਹੇ ਵਾਲੇ ਪੀਰ ਦੇ ਉਪਾਸ਼ਕ ਸਨ। ਇੱਕ ਸਖੀ ਸਰਵਰ ਨਿਗਾਹੇ ਵਾਲੇ ਪੀਰ ਦੇ ਉਪਾਸ਼ਕ ਭਾਈ ਮੰਝ ਜੀ ਦਾ ਜੀਵਨ ਕਿਵੇਂ ਬਦਲਿਆ? ਇਹ ਹੁਣ ਧਿਆਨ ਨਾਲ ਸੁਣਨਾ। ਪਲਟਾ ਕਿਵੇਂ ਆਇਆ?

ਇਤਿਹਾਸਕਾਰਾਂ ਨੇ ਲਿਖਿਆ ਹੈ, ਇੱਕ ਸਿੱਖ ਕੋਲੋਂ ਗੁਰੂ ਸਾਹਿਬ ਦੀ ਬਾਣੀ ਸੁਣੀ। ਇਹ ਕਿਹੜਾ ਨਸ਼ਾ ਹੈ। ਇਹ ਕਿਹੜੀ ਪਦਵੀ ਹੈ। ਇਹ ਕਿਹੜਾ ਰਸ ਹੈ। ਮੈਂ ਕਿੱਥੇ? ਇਹ ਰਸ ਕਿੱਥੇ? ਸੰਗਤ ਵਿੱਚ ਇਸ ਗੁਰਬਾਣੀ ਦੇ ਖਜ਼ਾਨੇ ਦਾ ਨਸ਼ਾ ਬਿਆਨ ਕਰਨਾ ਵੀ ਔਖਾ ਹੈ। ਬਹੁਤ ਸਾਰੇ ਗ੍ਰੰਥ ਰੱਬ ਦੀ ਗੱਲ ਕਰਦੇ ਹਨ। ਇਹ ਬਰੀਕੀਆਂ ਨੋਟ ਕਰਨਾ। ਬਹੁਤ ਸਾਰੇ ਗ੍ਰੰਥ ਰੱਬ ਦੀ ਗੱਲ ਕਰਦੇ ਹਨ ਪਰ ਗੁਰਬਾਣੀ ਵਿੱਚ ਵੱਖਰੀ ਵਿਸ਼ੇਸ਼ਤਾ ਹੈ। ਇਹ ਰੱਬ ਨਾਲ ਗੱਲਾਂ ਕਰਵਾ ਦਿੰਦੀ ਹੈ। ਜਦੋਂ ਤੁਸੀਂ ਪਿਆਰ ਨਾਲ ਕਹਿੰਦੇ ਹੋ:

***ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥***
***ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥***

*(ਅੰਗ ੨੪੪)*

ਗੁਰਬਾਣੀ ਰੱਬ ਨਾਲ ਗੱਲਾਂ ਕਰਵਾਉਂਦੀ ਹੈ।

***ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥***
***ਬਿਨੁ ਨਾਵੈ ਜੀਵਣੁ ਨਾ ਥੀਐ***
***ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥੧॥ ਰਹਾਉ ॥***

*(ਅੰਗ ੪੦)*

ਇਸ ਨੂੰ ਪਿਆਰ ਨਾਲ ਪੜ੍ਹੋ ਤੇ ਇੰਞ ਲੱਗੇਗਾ ਜਿਵੇਂ ਤੁਸੀਂ ਰੱਬ ਨਾਲ ਗੱਲਾਂ ਕਰ ਰਹੇ ਹੋ। ਇਹ ਗੁਰਬਾਣੀ ਦੀ ਵਿਸ਼ੇਸ਼ਤਾ ਹੈ।

***ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ ॥***
***ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ ਦਸੇ ਪ੍ਰਭੁ ਗੁਣਤਾਸੁ ॥***
***ਹਉ ਤਿਸੁ ਵਿਟਹੁ ਚਉ ਖੰਨੀਐ ਮੈ ਨਾਮ ਕਰੇ ਪਰਗਾਸੁ ॥੧॥***
***ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥***
***ਬਿਨੁ ਨਾਵੈ ਜੀਵਣੁ ਨਾ ਥੀਐ***
***ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥੧॥ ਰਹਾਉ ॥***

*(ਅੰਗ ੪੦)*

ਇਹ ਗੁਰਬਾਣੀ ਦੀ ਵੱਖਰੀ ਤਾਸੀਰ ਹੈ, ਵਿਸ਼ੇਸ਼ਤਾ ਹੈ, ਜਦੋਂ ਕੀਰਤਨ ਸੁਣਦੇ ਹੋ, ਸਹਿਜ ਪਾਠ ਕਰਦੇ ਹੋ, ਰੱਬ ਨਾਲ ਗੱਲਾਂ ਕਰਵਾ ਦਿੰਦੀ ਹੈ। ਵੇਖੋ, ਕੈਸਾ ਨਸ਼ਾ ਹੈ। ਦੁਸ਼ਮਣ ਕੋਈ ਰਹੇਗਾ ਹੀ ਨਹੀਂ। ਬੀਬੀ ਕੌਲਾਂ ਜੀ ਭਲਾਈ ਕੇਂਦਰ ਇੱਕ ਵਾਰ ਜਪ ਤਪ ਸਮਾਗਮ ਹੋਏ ਤੇ ਸਮਾਪਤੀ ਤੇ ਜੋ ਗੁਰੂ ਸਾਹਿਬ ਨੇ ਹੁਕਮਨਾਮਾ ਬਖਸ਼ਿਸ਼ ਕੀਤਾ:

***ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ ॥***
***ਹਰਿ ਸਿਉ ਜੁਰੈ ਤ ਹੋਇ ਨਿਸਤਾਰਾ ॥੧॥***

*ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ ॥*
*ਕਾਜਿ ਤੁਹਾਰੈ ਨਾਹੀ ਹੋਰੁ ॥੧॥ ਰਹਾਉ ॥*

*(ਅੰਗ ੨੩੮)*

ਇਹ ਸਾਰਾ ਸ਼ਬਦ ਕਿਤੇ ਪੜ੍ਹਨਾ, ਕਾਫੀ ਲੰਬਾ ਹੈ। ਹਰੀ ਨਾਲ ਜੁੜ ਜਾਓ ਤੇ ਕੀ ਕੁਝ ਮਿਲ ਜਾਂਦਾ ਹੈ। ਦਾਸ ਸੁਣੀ ਗਿਆ। ਦਾਸ ਨੂੰ ਬੜੀ ਹੈਰਾਨਗੀ ਹੋਈ। ਹੁਕਮਨਾਮੇ ਦੀਆਂ 28-30 ਪੰਕਤੀਆਂ ਹਨ। ਸਾਰੀਆਂ ਹੀ ਜੁੜਨ ਦੀਆਂ ਵਡਿਆਈ ਕਰ ਰਹੀਆਂ ਹਨ :

*ਵਡੇ ਵਡੇ ਜੋ ਦੁਨੀਆਦਾਰ ॥*
*ਕਾਹੂ ਕਾਜਿ ਨਾਹੀ ਗਾਵਾਰ ॥*
*ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥*
*ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥੨॥*
*ਕੋਟਿ ਮਜਨ ਜਾ ਕੈ ਸੁਣਿ ਨਾਮ ॥*
*ਕੋਟਿ ਪੂਜਾ ਜਾ ਕੈ ਹੈ ਧਿਆਨ ॥*
*ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥*
*ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥੩॥*
*ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥*
*ਬਿਨਸਿ ਜਾਹਿ ਮਾਇਆ ਕੇ ਹੇਤ ॥*
*ਹਰਿ ਅਬਿਨਾਸੀ ਤੁਮਰੈ ਸੰਗਿ ॥*
*ਮਨ ਮੇਰੇ ਰਚੁ ਰਾਮ ਕੈ ਰੰਗਿ ॥੪॥*
*ਜਾ ਕੈ ਕਾਮਿ ਉਤਰੈ ਸਭ ਭੂਖ ॥*
*ਜਾ ਕੈ ਕਾਮਿ ਨ ਜੋਹਹਿ ਦੂਤ ॥*
*ਜਾ ਕੈ ਕਾਮਿ ਤੇਰਾ ਵਡ ਗਮਰੁ ॥*
*ਜਾ ਕੈ ਕਾਮਿ ਹੋਵਹਿ ਤੂੰ ਅਮਰੁ ॥੫॥*
*ਜਾ ਕੇ ਚਾਕਰ ਕਉ ਨਹੀ ਡਾਨ ॥*
*ਜਾ ਕੇ ਚਾਕਰ ਕਉ ਨਹੀ ਬਾਨ ॥*
*ਜਾ ਕੈ ਦਫਤਰਿ ਪੁਛੈ ਨ ਲੇਖਾ ॥*
*ਤਾ ਕੀ ਚਾਕਰੀ ਕਰਹੁ ਬਿਸੇਖਾ ॥੬॥*
*ਜਾ ਕੈ ਊਨ ਨਾਹੀ ਕਾਹੂ ਬਾਤ ॥*
*ਏਕਹਿ ਆਪਿ ਅਨੇਕਹਿ ਭਾਤਿ ॥*
*ਜਾ ਕੀ ਦ੍ਰਿਸਟਿ ਹੋਇ ਸਦਾ ਨਿਹਾਲ ॥*
*ਮਨ ਮੇਰੇ ਕਰਿ ਤਾ ਕੀ ਘਾਲ ॥੭॥*

*(ਅੰਗ ੨੩੮)*

ਜਦੋਂ ਅਖੀਰ ਤੇ ਬਾਬਾ ਜੀ ਨੇ ਨਤੀਜਾ ਕੱਢਿਆ ਤੇ ਬਾਬਾ ਜੀ ਕਹਿੰਦੇ:

*ਨਾ ਕੋ ਚਤੁਰੁ ਨਾਹੀ ਕੋ ਮੂੜਾ ॥*
*ਨਾ ਕੋ ਹੀਣੁ ਨਾਹੀ ਕੋ ਸੂਰਾ ॥*
*ਜਿਤੁ ਕੋ ਲਾਇਆ ਤਿਤ ਹੀ ਲਾਗਾ ॥*
*ਸੋ ਸੇਵਕੁ ਨਾਨਕ ਜਿਸੁ ਭਾਗਾ ॥੮॥੬॥*

*(ਅੰਗ ੨੩੮)*

ਦਾਸ ਨੇ ਸੋਚਿਆ ਕਿ ਇਹ ਨਸ਼ਾ ਹੈ। ਪਹਿਲਾਂ ਉਪਦੇਸ਼ ਹੈ ਅਤੇ ਅਖੀਰ ਤੇ ਗੱਲ ਫਿਰ ਰੱਬ ਤੇ ਸੁੱਟੀ ਹੈ, ਹੇ ਵਾਹਿਗੁਰੂ ! ਉਹ ਹੀ ਜੁੜ ਸਕਦਾ ਹੈ ਜਿਸ ਤੇ ਆਪ ਜੀ ਭਾਗ ਬਣਾ ਦਿਓ। ਚਤੁਰ ਸਿਆਣੇ ਨੂੰ ਕਹਿੰਦੇ ਹਨ, ਮੂੜਾ ਮੂਰਖ ਨੂੰ। ਇਹ ਨਸ਼ਾ ਸਮਝੋ। ਉਪਦੇਸ਼ ਵੀ ਦਿੱਤਾ ਹੈ ਤੇ ਨਾਲ ਇਹ ਵੀ ਸੋਝੀ ਬਖਸ਼ੀ ਹੈ ਕਿ ਉਪਦੇਸ਼ ਸੁਣਨ ਵਾਲਿਆ, ਹਰੀ ਨਾਲ ਜੁੜਨ ਵਾਲੀ ਗੱਲ ਤੇਰੇ ਬਲ ਨਾਲ ਨਹੀਂ ਮਿਲਣੀ, ਜਿਸ ਦੇ ਹੱਥ ਵਿੱਚ ਹੈ ਭਾਗ ਬਣਾਉਣੇ, ਗਲ ਵਿੱਚ ਪੱਲਾ ਪਾ ਕੇ ਉਸ ਦੇ ਅੱਗੇ ਅਰਦਾਸਾਂ ਕਰ, ਮੈਨੂੰ ਵੀ ਜੋੜ ਲੈ। ਇਹ ਦਾਸ ਤੁਹਾਨੂੰ ਨਸ਼ਾ ਦੱਸ ਨਹੀਂ ਸਕਦਾ। ਜਿਸ ਦਿਨ ਇਹ ਡੂੰਘਾਈਆਂ ਵਿੱਚ ਜਾਓਗੇ, ਉਸ ਦਿਨ ਪਤਾ ਲੱਗੇਗਾ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਆਪ ਜੀ ਵਰਗਾ ਕੋਈ ਨਹੀਂ। ਚੰਗੇ ਸਾਰੇ ਹਨ ਪਰ ਆਪ ਜੀ ਵਰਗਾ ਕੋਈ ਨਹੀਂ। ਉਹ ਨਸ਼ਾ ਲੱਗ ਜਾਵੇ। ਦਾਸ ਇਸ ਦਾ ਕਿਵੇਂ ਸੁਆਦ ਦੱਸੇ। ਜਿਸ ਦੀ ਵੀ ਬੁੱਧੀ ਇਸ ਵੇਲੇ ਭ੍ਰਿਸ਼ਟ ਹੋ ਰਹੀ ਹੈ, ਭਾਵੇਂ ਪੈਸੇ ਲੈ ਕੇ ਕੰਮ ਕਰ ਰਿਹਾ ਹੈ, ਭਾਵੇਂ ਕਈਆਂ ਦੀ ਲੜਾਈ ਕਰਵਾ ਰਿਹਾ ਹੈ, ਭਾਵੇਂ ਨਿਸ਼ਾਨਾ ਗੁਰਬਾਣੀ ਦੀ ਬੇਅਦਬੀ ਕਰਨ ਦਾ

ਰੱਖਿਆ ਹੈ ਜੋ ਇਸ ਵੇਲੇ ਮਾਹੌਲ ਚੱਲ ਰਿਹਾ ਹੈ, ਬਣਾਇਆ ਹੈ, ਦਾਸ ਇਹ ਕਹਿਣ ਤੋਂ ਸੰਕੋਚ ਨਹੀਂ ਕਰੇਗਾ, ਉਹ ਬੇਅਦਬੀ ਕਰਨ ਵਾਲਿਆਂ ਨੂੰ ਨਰਕ ਵੀ ਨਹੀਂ ਝੱਲਣਗੇ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਂਝੇ ਗੁਰੂ ਹਨ, ਇਹ ਸਭ ਦੇ ਸਾਂਝੇ ਹਨ। ਭਾਵੇਂ ਕੋਈ ਮਾਇਆ ਪਿੱਛੇ ਕਰ ਰਿਹਾ ਹੈ ਜਾਂ ਪਾਰਟੀ ਪਿੱਛੇ ਕਰ ਰਿਹਾ ਹੈ, ਜਿਨ੍ਹਾਂ ਕੋਲੋਂ ਇਹ ਕੰਮ ਹੋ ਰਿਹਾ ਹੈ, ਉਨ੍ਹਾਂ ਨੂੰ ਨਰਕ ਵੀ ਨਹੀਂ ਝੱਲਣਗੇ। ਉਹ ਗੁਰੂ ਸਾਹਿਬ ਜਿਨ੍ਹਾਂ ਬਾਰੇ ਪਿਤਾ ਜੀ ਕਹਿੰਦੇ ਹਨ :

***ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥***
***ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥***

*(ਅੰਗ ੮੮੫)*

***ਕੋਈ ਪੜੈ ਬੇਦ ਕੋਈ ਕਤੇਬ ॥***
***ਕੋਈ ਓਢੈ ਨੀਲ ਕੋਈ ਸੁਪੇਦ ॥੩॥***
***ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥***
***ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥***
***ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥***
***ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥***

***(ਅੰਗ ੮੮੫)***

ਰਹਾਉ ਵਾਲੀ ਪੰਕਤੀ:

***ਕਾਰਣ ਕਰਣ ਕਰੀਮ ॥***
***ਕਿਰਪਾ ਧਾਰਿ ਰਹੀਮ ॥੧॥ ਰਹਾਉ ॥***

***(ਅੰਗ ੮੮੫)***

ਅਰਦਾਸ ਕਰਿਓ, ਆਪਣੀ ਵੀ ਤੇ ਦਾਸ ਦੀ ਵੀ, ਹੇ ਸੱਚੇ ਪਾਤਸ਼ਾਹ, ਜੇ ਸਾਡੇ ਘਰ ਗੁਟਕਾ ਸਾਹਿਬ ਵੀ ਹਨ, ਉਨ੍ਹਾਂ ਲਈ ਵੀ ਸਤਿਕਾਰ ਵਾਲੀ ਜਗ੍ਹਾ ਬਣੀ ਹੋਵੇ, ਕਿਤੇ ਉਨ੍ਹਾਂ ਉੱਤੇ ਵੀ ਮਿੱਟੀ ਨਾ ਜੰਮੀ ਹੋਵੇ। ਅਸੀਂ ਗੁਰਬਾਣੀ ਦਾ ਵੱਧ ਤੋਂ ਵੱਧ ਸਤਿਕਾਰ ਕਰੀਏ। ਆਪਣੇ ਆਪ ਅਗਲੀ ਕਿਰਪਾ ਵਰਤ ਜਾਵੇਗੀ। ਗੁਰੂ ਸਾਹਿਬ ਦੀ ਨਦਰਿ ਬਣੀ ਰਵ੍ਹੇ। ਵਾੜ੍ਹ ਲੱਗੀ ਰਵ੍ਹੇ। ਪਰਚਾ ਨਾ ਪਵੇ। ਜੇ ਕੋਈ ਤੁਹਾਡੇ ਪਿੰਡ ਵਿੱਚ ਇੱਕ ਗੁਰਦੁਆਰਾ ਸਾਹਿਬ ਹੈ, ਦੋ ਗੁਰਦੁਆਰਾ ਸਾਹਿਬ ਹਨ ਤੇ ਉੱਥੇ ਵੀ ਜੇ ਤੁਸੀਂ ਘੰਟਾ-ਦੋ ਘੰਟਾ ਡਿਊਟੀ ਸੰਭਾਲ ਸਕਦੇ ਹੋ ਤੇ ਗ੍ਰੰਥੀ ਸਿੰਘ ਨੇ ਕਿਤੇ ਜਾਣਾ ਹੈ, ਮੇਰੇ ਸਤਿਗੁਰੂ ਜੀ ਦੀ ਕੋਈ ਬੇਅਦਬੀ ਨਾ ਕਰੇ, ਇਹ ਤੁਹਾਡੀ ਸੇਵਾ ਵੀ ਦਰਗਾਹ ਵਿੱਚ ਲਿਖੀ ਜਾਵੇਗੀ।

ਕਈ ਵਾਰ ਪਤਾ ਹੀ ਨਹੀਂ ਹੁੰਦਾ, ਮੈਂ ਇਤਨਾ ਅਮੀਰ ਹਾਂ। ਜਿਨ੍ਹਾਂ ਨੇ ਇਸ ਅਮੀਰੀ ਨੂੰ ਪਛਾਣਿਆ, ਇਹ ਉਨ੍ਹਾਂ ਦੇ ਬੋਲ ਹਨ, ਬਾਬਾ ਨੰਦ ਸਿੰਘ ਜੀ ਦੇ। **ਬਾਬਾ ਜੀ ਕਹਿੰਦੇ ਸਨ, ਜਿਨ੍ਹਾਂ ਦੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੂਰੀ ਨਹੀਂ ਪਈ, ਜਿੱਥੇ ਮਰਜ਼ੀ ਚਲਾ ਜਾਵੇ, ਕਿਤੋਂ ਵੀ ਪੂਰੀ ਨਹੀਂ ਪਵੇਗੀ।** ਇਹ ਉਨ੍ਹਾਂ ਦੇ ਬੋਲ ਹਨ। ਜਿਸ ਦੀ ਇੱਥੋਂ ਪੂਰੀ ਨਹੀਂ ਪਈ, ਜਿੱਥੇ ਮਰਜ਼ੀ ਭਟਕ ਜਾਵੇ, ਕਿਤੋਂ ਵੀ ਨਹੀਂ ਪੈ ਸਕਦੀ।

ਹੁਣ ਉੱਥੇ ਆ ਜਾਈਏ। ਇਹ ਦੱਸਣਾ ਲੋੜ ਸੀ। ਜਿੰਨੇ ਤੁਸੀਂ ਇੱਥੇ ਬੈਠੇ ਹੋ, ਤੁਹਾਡੀ ਲਾਈਫ ਵਿੱਚ ਹੀ ਕੋਈ ਇੰਸੀਡੈਂਟ ਹੋਵੇਗਾ ਜਿਸ ਨਾਲ ਤੁਹਾਡੀ ਸੰਗਤ ਸ਼ੁਰੂ ਹੋਈ ਹੋਵੇਗੀ। ਤੁਸੀਂ ਭਾਵੇਂ ਹਫਤਾਵਾਰੀ ਸਮਾਗਮ ਵੀਰਵਾਰ ਬੀਬੀ ਕੌਲਾਂ ਜੀ ਭਲਾਈ ਕੇਂਦਰ, ਸ੍ਰੀ ਅੰਮ੍ਰਿਤਸਰ ਵਿਖੇ ਆਉਣਾ ਸ਼ੁਰੂ ਹੋ ਗਏ ਜਾਂ ਆਪਣੇ ਘਰ ਛੋਟੇ ਹੁੰਦਿਆਂ ਰੰਗ ਲੱਗ ਗਿਆ ਜਾਂ ਕਿਵੇਂ ਵੀ ਕਿਸੇ ਢੰਗ ਨਾਲ ਜੁੜ ਗਏ। ਕੋਈ ਸਮਾਂ ਘੜੀ ਐਸਾ ਜ਼ਿੰਦਗੀ ਵਿੱਚ ਆਉਂਦਾ ਹੈ ਕਿ ਸੰਗ ਚੰਗਾ ਮਿਲ ਜਾਂਦਾ ਹੈ ਤੇ ਬੰਦਾ ਜੁੜ ਜਾਂਦਾ ਹੈ। ਇਸੇ ਤਰ੍ਹਾਂ ਭਾਈ ਮੰਝ ਜੀ ਦਾ ਗੁਰਬਾਣੀ ਸੁਣ ਕੇ ਮਨ ਬਦਲ ਗਿਆ। ਮਨ ਵਿੱਚ ਆ ਗਿਆ, ਜਿਨ੍ਹਾਂ ਦੀ ਬਾਣੀ ਹੈ, ਉਨ੍ਹਾਂ ਦੇ ਦਰਸ਼ਨ ਕਰਨੇ ਹਨ। ਸਮਾਂ ਕਿਹੜਾ ਸੀ? ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ। ਆ ਗਏ ਸ੍ਰੀ ਅੰਮ੍ਰਿਤਸਰ ਸਾਹਿਬ। ਧੰਨ

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ ਤੇ ਮਨ ਵਿੰਨਿਆ ਗਿਆ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਗੱਲ ਦਾਸ ਦੇ ਅੰਦਰ ਵੱਜੀ। ਦਾਸ ਦਾ ਦਿਲ ਕਰਦਾ ਹੈ, ਆਪ ਜੀ ਦੇ ਚਰਨਾਂ ਵਿੱਚ ਰੱਖਾਂ।

ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਜਦੋਂ ਭਾਈ ਮੰਝ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਆਏ, ਗੁਰਬਾਣੀ ਸੁਣ ਕੇ ਮਨ ਨੂੰ ਰੰਗ ਲੱਗਾ। ਜਿਨ੍ਹਾਂ ਦੀ ਗੁਰਬਾਣੀ ਹੈ, ਉਨ੍ਹਾਂ ਦੇ ਦਰਸ਼ਨ ਕਰਾਂ। ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਆ ਗਏ, ਕੁਝ ਦਿਨ ਰੁਕੇ। ਧਿਆਨ ਦੇਣਾ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਨੂੰ ਵੇਖ ਕੇ ਅਰਦਾਸ ਕਰਨ ਲੱਗੇ, ਹੇ ਨਿਰੰਕਾਰ! ਕੋਈ ਇਹੋ ਜਿਹਾ ਸਮਾਂ ਆਵੇਗਾ ਕਿ ਮੈਂ ਵੀ ਸਿੱਖ ਬਣਾਂਗਾ। ਸਿੱਖ ਨੂੰ ਵੇਖ ਕੇ ਸਿੱਖ ਬਣਨ ਦਾ ਚਾਅ ਚੜ੍ਹ ਗਿਆ। ਇਨ੍ਹਾਂ ਚੀਜ਼ਾਂ ਨੂੰ ਤਬਦੀਲ ਕਰੋ। ਕੋਈ ਭੈਣ ਬੀਬੀ ਫੀਲ ਨਾ ਕਰੇ, ਦਾਸ ਨੂੰ ਤਾਂ ਦੱਸਣਾ ਪੈਂਦਾ ਹੈ ਕਿ ਕਈ ਵਾਰੀ ਤੁਸੀਂ ਡਰਾਮੇ ਜਾਂ ਪਿਕਚਰ ਵਿੱਚ ਇਹੋ ਜਿਹੇ ਐਕਟਰ ਨੂੰ ਵੇਖਦੇ ਹੋ, ਜਿਸ ਨੇ ਲਿਬਾਸ ਬਹੁਤ ਗਲਤ ਪਾਇਆ ਹੈ, ਜਿਸਦਾ ਪਹਿਰਾਵਾ ਠੀਕ ਨਹੀਂ। ਹਫਤੇ ਬਾਅਦ ਅਗਰ ਉਹ ਲਿਬਾਸ ਸਾਡਾ ਵੀ ਸੀਤਾ ਜਾਂਦਾ ਹੈ ਤੇ ਸਮਝ ਲੈਣਾ, ਗਲਤ ਐਕਟਰ ਨੂੰ ਵੇਖ ਕੇ ਅਸੀਂ ਆਪਣੇ ਆਪ ਨੂੰ ਗਲਤ ਰੰਗ ਲਗਾ ਬੈਠੇ ਹਾਂ। ਇਸ ਨੂੰ ਤਬਦੀਲ ਕਰੋ। ਇਧਰ ਤਬਦੀਲੀ ਲਿਆਓ। ਜਿਵੇਂ ਭਾਈ ਮੰਝ ਜੀ ਨੂੰ ਸਿੱਖਾਂ ਵੱਲ ਵੇਖ ਕੇ ਚਾਅ ਚੜ੍ਹ ਗਿਆ ਤੇ ਮਨ ਵਿੱਚ ਸੋਚਦੇ ਹਨ ਕਿ ਮੈਂ ਵੀ ਗੁਰੂ ਦਾ ਸਿੱਖ ਬਣਾਂਗਾ। ਇਹ ਬੜੀਆਂ ਜ਼ਰੂਰੀ ਗੱਲਾਂ ਹਨ। ਕਈ ਵਾਰ ਡਰਾਮੇ ਵਿੱਚ ਕੁਝ ਬੀਬੀਆਂ ਦੀ, ਲੜਕੀਆਂ ਦੀ ਐਕਟਿੰਗ ਵੇਖ ਕੇ ਗੁੱਸਾ ਨਾ ਕਰਨਾ, ਸਾਡੀ ਚੁੰਨੀ ਵੀ ਸਿਰ ਤੋਂ ਲਹਿ ਜਾਂਦੀ ਹੈ। ਇਹ ਗਲਤ ਹੈ।

ਦਾਸ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਬੇਨਤੀ ਕਰ ਰਿਹਾ ਹੈ, ਕਿਸੇ ਐਕਟਰ ਨੇ ਦਰਗਾਹ ਵਿੱਚ ਤੁਹਾਡੀ ਬਾਂਹ ਨਹੀਂ ਫੜ੍ਹਨੀ। ਜੇ ਬਾਂਹ ਫੜ੍ਹਨੀ ਹੈ ਤੇ ਗੁਰੂ ਕਲਗੀਧਰ ਪਿਤਾ ਜੀ ਨੇ ਹੀ ਫੜ੍ਹਨੀ ਹੈ। ਕਦੀ ਕਿਸੇ ਗਲਤ ਚੀਜ਼ ਨੂੰ ਵੇਖ ਕੇ ਪ੍ਰਭਾਵਿਤ ਨਾ ਹੋ ਜਾਇਆ ਕਰੋ। ਪ੍ਰਭਾਵਿਤ ਹੋਣਾ ਹੈ ਤੇ ਕਿਸੇ ਦੀ ਕੇਸਕੀ ਵੇਖ ਕੇ ਉਹ ਰੰਗ ਲਗਾ ਲੈ। ਕਿਸੇ ਦਾ ਖੰਡਾ ਵੇਖ ਕੇ ਉਹ ਰੰਗ ਲਗਾ ਲੈ। ਕਿਸੇ ਦਾ ਗੁਰੂ ਸਾਹਿਬ ਨਾਲ ਪਿਆਰ ਵੇਖ ਕੇ ਅੰਮ੍ਰਿਤ ਵੇਲੇ ਦਾ ਰੰਗ ਲਗਾ ਲੈ। ਕਿਸੇ ਦਾ ਪਿਆਰ ਵੇਖ ਕੇ ਸਾਰੀ ਰਾਤ ਜਾਗਣ ਦਾ ਰੰਗ ਲਗਾ ਲੈ।

ਭਾਈ ਮੰਝ ਜੀ ਦਾ ਇਹ ਅੰਸ਼ ਹੈ, ਕੁਝ ਸਿੱਖਾਂ ਨੂੰ ਪਿਤਾ ਜੀ ਕੋਲ ਵੇਖ ਕੇ ਅੰਦਰੋਂ ਮਨ ਵਿੱਚ ਆਉਣਾ, ਮੈਂ ਸਖੀ ਸਰਵਰ ਪੂਜਣ ਵਾਲਾ, ਕੀ ਮੈਂ ਵੀ ਗੁਰੂ ਦਾ ਸਿੱਖ ਬਣ ਸਕਦਾ ਹਾਂ? ਸਿੱਖਾਂ ਨੂੰ ਵੇਖ ਕੇ ਰੰਗ ਲੱਗ ਗਿਆ।

***ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥***

***(ਅੰਗ ੧੪੨੪)***

***ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥***
***ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥੧੨॥***

***(ਅੰਗ ੭੨੬)***

ਦਾਸ ਸਾਰੀ ਸੰਗਤ ਨੂੰ ਬੇਨਤੀ ਕਰੇਗਾ, ਬਾਬਾ ਨੰਦ ਸਿੰਘ ਜੀ ਦਾ ਸਾਰਾ ਇਤਿਹਾਸ ਘਰ ਰੱਖਿਆ ਕਰੋ। ਬਾਬਾ ਮਹਾਂ ਹਰਨਾਮ ਸਿੰਘ ਜੀ ਭੁੱਚੋ ਸਾਹਿਬ ਵਾਲਿਆਂ ਦਾ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦਾ, ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ, ਬਾਬਾ ਈਸ਼ਰ ਸਿੰਘ ਜੀ ਰਾੜ੍ਹਾ ਸਾਹਿਬ ਵਾਲਿਆਂ ਦਾ, ਬਾਬਾ ਈਸ਼ਰ ਸਿੰਘ ਜੀ ਨਾਨਕਸਰ ਵਾਲਿਆਂ ਦਾ ਇਤਿਹਾਸ ਘਰ ਰੱਖੋ। ਆਪ ਵੀ ਪੜ੍ਹੋ ਤੇ ਆਪਣੇ ਬੱਚਿਆਂ ਨੂੰ ਵੀ ਪੜ੍ਹਾਓ ਉਸ ਵਿੱਚੋਂ ਧੂੜੀ ਮਿਲੇਗੀ।

ਬਾਬਾ ਨੰਦ ਸਿੰਘ ਜੀ ਬੈਠੇ ਸੀ ਤੇ ਕੀਰਤਨ ਚੱਲ ਰਿਹਾ ਸੀ। ਅਖਾੜਾ ਸਜਿਆ ਪਿਆ। ਮਾੜਾ ਜਿਹਾ ਰਾਗੀ ਜੱਥਾ ਬਦਲਿਆ ਤੇ ਭਾਈ ਡਰੋਲੀ ਬਾਬਾ ਜੀ ਦੇ ਕੰਨ ਵਿੱਚ ਆ ਕੇ ਕਹਿਣ ਲੱਗਾ, ਬਾਬਾ ਜੀ, ਫਲਾਣਾ ਬੰਦਾ ਆਪ ਜੀ ਦੇ ਬਾਰੇ ਨਿੰਦਿਆ ਕਰਦਾ ਹੈ। ਅੱਗੋਂ ਬਾਬਾ ਜੀ ਕਹਿੰਦੇ, ਓ ਡਰੋਲੀ, ਜਿਸ ਦਾ ਨਾਂ ਲਿਆ ਹੈ, ਉਸ ਦੀ ਮੁਕਤੀ ਪਹਿਲਾਂ, ਤੇਰੀ ਬਾਅਦ ਵਿੱਚ। ਇਹ ਧੂੜ ਲਓ। ਨਿੰਦਿਆ ਨੂੰ ਵਧਾਇਆ ਹੀ ਨਹੀਂ। ਇਹ ਧੂੜੀ ਲੈਣੀ ਹੈ।

ਬਾਬਾ ਨੰਦ ਸਿੰਘ ਜੀ ਕੋਲ ਇੱਕ ਅਫਸਰ ਆ ਗਿਆ। ਬਾਬਾ ਜੀ ਕਹਿੰਦੇ, ਕੀ ਕਿਰਤ ਕਰਦਾ ਹੈਂ? ਉਹ ਕਹਿਣ ਲੱਗਾ ਕਿ ਮੈਂ ਫਲਾਣੇ ਮਹਿਕਮੇ ਵਿੱਚ ਅਫ਼ਸਰ ਹਾਂ। ਬਾਬਾ ਜੀ ਕਹਿੰਦੇ, ਕੋਈ ਦਫ਼ਤਰ ਹੈ? ਕਹਿਣ ਲੱਗਾ, ਹਾਂ ਜੀ, ਮਹਿਕਮੇ ਵੱਲੋਂ ਦਫ਼ਤਰ ਮਿਲਿਆ ਹੈ। ਆਪਣੇ ਦਫ਼ਤਰ ਵਿੱਚ ਕਿਵੇਂ ਬੈਠਦੇ ਹੋ? ਇਹ ਚੀਜ਼ਾਂ ਲੈਣਾ। ਬਾਬਾ ਜੀ ਕੁਰਸੀ ਤੇ ਬੈਠੀਦਾ ਹੈ। ਬਾਬਾ ਨੰਦ ਸਿੰਘ ਜੀ ਕਹਿੰਦੇ, ਕੁਰਸੀ ਤੇ ਕਿਵੇਂ ਬੈਠਦੇ ਹੋ? ਗੱਲ ਸਮਝਣਾ। ਉਹ ਹੱਸ ਪਿਆ। ਹੱਸਣ ਵਿੱਚ ਸ਼ਰਧਾ ਟੁੱਟ ਗਈ। ਕੀ ਸ਼ਰਧਾ ਟੁੱਟ ਗਈ। ਕਿਹੋ ਜਿਹੇ ਬਾਬਿਆਂ ਕੋਲ ਆ ਗਏ ਹਾਂ। ਕੁਰਸੀ ਤੇ ਕਿਵੇਂ ਬੈਠੀਦਾ ਹੈ। ਸਭ ਨੂੰ ਪਤਾ ਹੈ, ਕਿਵੇਂ ਬੈਠੀਦਾ ਹੈ। ਕੁਰਸੀ ਫੜ ਕੇ ਖਿੱਚੀ ਤੇ ਬੈਠ ਜਾਈਦਾ ਹੈ। ਇਹ ਕਿਹੋ ਜਿਹੇ ਬਾਬਾ ਜੀ ਹਨ, ਕਹਿੰਦੇ ਹਨ ਕਿ ਕੁਰਸੀ ਤੇ ਕਿਵੇਂ ਬੈਠੀਦਾ ਹੈ। ਇਹ ਕੋਈ ਸਵਾਲ ਹੈ। ਕਹਿਣ ਲੱਗਾ, ਕਿਹੜੀ ਜਗ੍ਹਾ ਤੇ ਆ ਗਏ ਹਾਂ। ਬਾਬਾ ਜੀ ਕੋਈ ਡੂੰਘਾ ਸਵਾਲ ਕਰਦੇ। ਹੁਣ ਕੀ ਪਤਾ ਸੀ। ਅੰਦਰ ਟਿਕਚਰ ਆ ਗਈ। ਸ਼ਰਧਾ ਟੁੱਟ ਗਈ। ਕਿੱਥੇ ਆ ਗਏ ਹਾਂ। ਪੁੱਛਦੇ ਹਨ ਕਿ ਕੁਰਸੀ ਤੇ ਕਿਵੇਂ ਬੈਠਦੇ ਹੋ।

ਬਾਬਾ ਜੀ ਕਹਿੰਦੇ, ਬੋਲਦਾ ਨਹੀਂ ਭਾਈ। ਹੁਣ ਜਿਹੜੇ ਅਫ਼ਸਰ ਹਨ ਧਿਆਨ ਦੇਣਾ। ਬਾਬਾ ਜੀ ਕਹਿੰਦੇ, ਕੁਰਸੀ ਤੇ ਕਿਵੇਂ ਬੈਠਦੇ ਹੋ ਤੇ ਅੱਗੋਂ ਜਿਵੇਂ ਬੰਦਾ ਹੱਸ ਕੇ ਕਹਿੰਦਾ ਹੈ, ਮਹਾਂਪੁਰਸ਼ੋ, ਕੁਰਸੀ ਤੇ ਕਿਵੇਂ ਬੈਠਣਾ ਹੈ। ਜੋ ਦਫ਼ਤਰ ਵਿੱਚ ਕੁਰਸੀ ਹੈ, ਜੋ ਮੇਜ਼ ਕੋਲ ਕੁਰਸੀ ਪਈ ਹੈ ਤੇ ਥੋੜ੍ਹੀ ਪਰ੍ਹੇ ਹੈ ਤੇ ਖਿੱਚ ਕੇ ਉਰੇ ਕਰ ਲਈ ਤੇ ਕੁਰਸੀ ਤੇ ਬੈਠ ਜਾਈਦਾ ਹੈ। ਬਾਬਾ ਜੀ ਕਹਿੰਦੇ, ਨਾ ਭਾਈ ਨਾ। ਇੰਝ ਨਹੀਂ ਬੈਠਣਾ। ਕਹਿਣ ਲੱਗਾ, ਬਾਬਾ ਜੀ, ਕੁਰਸੀ ਤੇ ਬੈਠਣ ਦਾ ਵੀ ਕੋਈ ਵੱਖਰਾ ਢੰਗ ਹੈ। ਦਫ਼ਤਰ ਜਾਈਦਾ ਹੈ, ਕੁਰਸੀ ਕੋਲ ਕਰਕੇ ਤੇ ਬੈਠ ਜਾਈਦਾ ਹੈ। ਬਾਬਾ ਜੀ ਕਹਿੰਦੇ, ਆਪਣੇ ਦਫ਼ਤਰ ਗਏ। ਚਾਹੇ ਕੋਈ ਪ੍ਰਿੰਸੀਪਲ ਹੈ, ਕੋਈ ਅਫ਼ਸਰ ਹੈ, ਕੋਈ ਕਿਸੇ ਮਹਿਕਮੇ ਦਾ ਅਫ਼ਸਰ ਹੈ। ਬਾਬਾ ਜੀ ਕਹਿੰਦੇ, ਆਪਣੇ ਦਫ਼ਤਰ ਗਏ, ਕੁਰਸੀ ਖਿੱਚੀ ਤੇ ਬੈਠ ਗਏ, ਕੰਮ ਕਰਨ ਲਈ। ਜੇਕਰ ਇੰਝ ਬੈਠੋਗੇ ਤਾਂ ਜੋ ਕਰਮਾਂ ਵਿੱਚ ਦਿਨੇ ਲਿਖਿਆ ਹੈ, ਉਹ ਕੁਰਸੀ ਤੇ ਬੈਠ ਕੇ ਉਹ ਵਰਤੇਗਾ। ਤੇਰੇ ਕਰਮਾਂ ਵਿੱਚ ਲਿਖਿਆ ਹੈ, ਫਲਾਣੇ ਬੰਦੇ ਨੇ ਦਫ਼ਤਰ ਵਿੱਚ ਆ ਕੇ ਤੈਨੂੰ ਬੋਲਣਾ ਹੈ, ਫਲਾਣੇ ਨੇ ਇੰਝ ਪਰੇਸ਼ਾਨ ਕਰਨਾ ਹੈ, ਉਹ ਵਰਤੇਗਾ। ਬਾਬਾ ਜੀ ਕਹਿੰਦੇ, ਇੰਝ ਨਹੀਂ ਬੈਠਣਾ। ਕਹਿਣ ਲੱਗਾ ਜੀ, ਕਿੰਝ ਬੈਠਣਾ ਹੈ।

ਬਾਬਾ ਜੀ ਕਹਿੰਦੇ, ਦਫ਼ਤਰ ਵਿੱਚ ਗਏ। ਕੁਰਸੀ ਪਈ ਹੈ ਮੇਜ਼ ਅੱਗੇ ਲੱਗਾ ਹੈ। ਬਾਬਾ ਜੀ ਕਹਿੰਦੇ, ਮੰਗਲਾਚਰਨ ਕਰਨਾ ਹੈ। ਮੰਗਲਾਚਰਨ ਕੀ ਹੁੰਦਾ ਹੈ? ਤੁਸੀਂ ੴ ਤੋਂ ਨਾਨਕੁ ਹੋਸੀ ਭੀ ਸਚੁ ਤੱਕ ਇੱਕ ਵਾਰੀ ਪੜ੍ਹ ਲਓ, ਪੰਜ ਵਾਰੀ ਪੜ੍ਹ ਲਓ। ੴ ਸਤਿਗੁਰ ਪ੍ਰਸਾਦਿ॥ 13 ਵਾਰੀ, 26 ਵਾਰੀ ਵਾਹਿਗੁਰੂ ਵਾਹਿਗੁਰੂ ਕਹਿ ਲਓ ਜਾਂ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ, ਇਹ ਮੰਗਲਾਚਰਨ ਹੈ। ਬਾਬਾ ਜੀ ਕਹਿੰਦੇ, ਦਫ਼ਤਰ ਵਿੱਚ ਗਏ। ਹੱਥ ਜੋੜ ਕੇ ਮੰਗਲਾਚਰਨ ਕਰਨਾ ਹੈ। ਮੰਗਲਾਚਰਨ ਕਰਨ

ਤੋਂ ਬਾਅਦ ਇਹ ਕਹਿਣਾ ਹੈ, ਹੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ! ਕੁਰਸੀ ਆਪ ਜੀ ਦੀ ਹੈ, ਦਫ਼ਤਰ ਆਪ ਜੀ ਦਾ, ਕਲਮ ਆਪ ਜੀ ਦੀ, ਮਹਿਕਮਾ ਆਪ ਜੀ ਦਾ। ਮੈਂ ਆਪ ਜੀ ਦਾ ਬਿਠਾਇਆ ਬੈਠਨ ਲੱਗਾ ਹਾਂ, ਜਿਸ ਦਾ ਕੰਮ ਕਰਵਾਉਣਾ ਹੈ, ਕਰਵਾ ਲੈਣਾ। ਜਿਸ ਨੂੰ ਨਾਂਹ ਕਰਵਾਉਣੀ ਹੈ, ਨਾਂਹ ਕਰਵਾ ਦੇਣਾ। ਬਾਬਾ ਜੀ ਕਹਿੰਦੇ, ਇੰਝ ਅਰਦਾਸ ਕਰਕੇ ਬੈਠੀਦਾ ਹੈ, ਫਿਰ ਉਸਦੇ ਕਰਮ ਨਹੀਂ ਵਰਤਣਗੇ, ਉੱਥੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਬਖਸ਼ਿਸ਼ ਵਰਤੇਗੀ।

ਰਾਜਾ ਸ਼ਿਵਨਾਭ ਨੂੰ ਵੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਿਹਾ ਸੀ ਕਿ ਰਾਜ ਵਾਲੀ ਕੁਰਸੀ ਤੇ ਇੰਝ ਬੈਠਨਾ ਹੈ। ਉਹ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਨਾਲ ਹੀ ਚਲਿਆ ਸੀ। ਜਦੋਂ ਗੁਰੂ ਸਾਹਿਬ ਜੀ ਨੇ ਜੀਵਨ ਬਦਲਾ ਦਿੱਤਾ। ਰਾਜਾ ਸ਼ਿਵਨਾਭ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਕਹਿਣ ਲੱਗਾ, ਜਿੱਥੇ ਚਲੇ ਹੋ, ਮੈਂ ਵੀ ਵੈਰਾਗੀ ਮੈਨੂੰ ਵੀ ਆਪਣੇ ਨਾਲ ਹੀ ਲੈ ਚੱਲੋ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਤੈਨੂੰ ਨਾਲ ਨਹੀਂ ਖੜ੍ਹਨਾ। ਉਸੇ ਕੁਰਸੀ ਤੇ ਬੈਠ ਕੇ ਰਾਜ ਕਰ। ਕਹਿਣ ਲੱਗਾ, ਫਿਰ ਨਰਕ ਵਿੱਚ ਪਾਉਣ ਲੱਗੇ ਹੋ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਪਹਿਲਾਂ ਰਾਜਾ ਬਣ ਕੇ ਬੈਠਦਾ ਸਾਂ। ਹੁਣ ਉਸ ਪਰਮੇਸ਼ਰ ਦੀ ਕੁਰਸੀ ਸਮਝ ਕੇ ਬੈਠਨਾ ਹੈ। 'ਮੈਂ' ਦੀ ਘੁੰਡੀ ਕੱਢ ਦਿੱਤੀ। ਇਹ ਘਰਾਂ ਵਿੱਚ ਰੱਖਿਆ ਕਰੋ, ਮਹਾਂਪੁਰਸ਼ਾਂ ਦੇ ਜੀਵਨ। ਬੰਦਗੀ ਵਾਲਿਆਂ ਦੇ ਜੀਵਨ। ਬਾਬਾ ਜੀ ਕਹਿੰਦੇ, ਇੰਝ ਬੈਠਨਾ ਹੈ, ਮੰਗਲਾਚਰਨ ਕਰਕੇ ਅਰਦਾਸ ਕਰਨੀ ਹੈ। ਕੁਰਸੀ ਤੇਰੀ, ਮੈਂ ਤੇਰਾ ਹਾਂ, ਮਹਿਕਮਾ ਤੇਰਾ ਹੈ, ਕਲਮ ਤੇਰੀ ਹੈ। ਹੇ ਗੁਰੂ ਨਾਨਕ ਪਾਤਸ਼ਾਹ ਜੀ! ਆਪ ਜੀ ਦਾ ਬਿਠਾਇਆ ਬੈਠਨ ਲੱਗਾ ਹਾਂ। ਜਿਸ ਦਾ ਕੰਮ ਕਰਵਾਉਣਾ ਹੈ, ਕੰਮ ਕਰਵਾ ਲੈਣਾ। ਜਿਸ ਨੂੰ ਨਾਂਹ ਕਰਵਾਉਣੀ ਹੈ, ਨਾਂਹ ਕਰਵਾ ਦੇਣਾ। ਫਿਰ ਗੁਰੂ ਸਾਹਿਬ ਦਾ ਵਰਤਾਰਾ ਵਰਤੇਗਾ। ਇਹ ਧੂੜੀ ਲੈਣੀ ਹੈ।

ਹੁਣ ਧਿਆਨ ਦੇਣਾ, ਗੁਰੂ ਸਾਹਿਬ ਭਾਈ ਮੰਝ ਜੀ ਦੇ ਜੀਵਨ ਦੇ ਅੰਸ਼ ਸਾਂਝੇ ਕਰਵਾ ਰਹੇ ਹਨ। ਭਾਈ ਵੀਰ ਸਿੰਘ ਜੀ, ਭਾਈ ਮਨੀ ਸਿੰਘ ਜੀ ਦੀ ਟਕਸਾਲ, ਸੂਰਜ ਪ੍ਰਕਾਸ਼ ਇਹ ਸਾਰੇ ਇਤਿਹਾਸਿਕ ਵੇਰਵੇ ਸਹਿਤ ਆਪ ਜੀ ਦੇ ਚਰਨਾਂ ਵਿੱਚ ਹਾਜ਼ਰੀ ਲੱਗਦੀ ਹੈ। ਇਹ ਚੀਜ਼ਾਂ ਇਤਿਹਾਸਕਾਰਾਂ ਨੇ ਲਿਖੀਆਂ ਹਨ, ਰੰਗ ਕਿੱਥੋਂ ਲੱਗਾ? ਗੁਰਬਾਣੀ ਸੁਣ ਕੇ। ਮਨ ਬਦਲ ਗਿਆ। ਇਹ ਤਾਂ ਰੱਬ ਨਾਲ ਗੱਲਾਂ ਕਰਵਾਉਂਦੀ ਹੈ। ਆ ਗਏ ਸ੍ਰੀ ਅੰਮ੍ਰਿਤਸਰ ਸਾਹਿਬ ਜਿਨ੍ਹਾਂ ਦੀ ਬਾਣੀ ਹੈ, ਦਰਸ਼ਨ ਕਰਨੇ ਹਨ। ਦਰਸ਼ਨ ਹੋ ਗਏ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ। ਜਦੋਂ ਰੰਗੇ ਸਿੱਖ ਸੇਵਾ ਕਰਦੇ ਦੇਖੇ ਤੇ ਅੰਦਰੋਂ ਅਰਦਾਸਾਂ ਨਿਕਲਣ ਕਿ ਹੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ! ਕਦੀ ਮੈਂ ਵੀ ਇਨ੍ਹਾਂ ਸਿੱਖਾਂ ਵਿੱਚ ਸ਼ਾਮਲ ਹੋਵਾਂਗਾ। ਕਦੀ ਮੈਨੂੰ ਵੀ ਇਸ ਤਰ੍ਹਾਂ ਦਾ ਰੰਗ ਲੱਗੇਗਾ। ਕਦੀ ਮੈਨੂੰ ਵੀ ਸਿੱਖੀ ਮਿਲੇਗੀ। ਤੁਸੀਂ ਵੀ ਘਰਾਂ ਦੇ ਮੋੜ ਇਧਰ ਮੋੜਨੇ ਹਨ। ਬਾਕੀ ਵਿਚਾਰ ਤੇ ਬਾਬਾ ਜੀ ਅਗਲੀ ਵਾਰ ਸੇਵਾ ਲੈਣ। ਆਓ ਜੀ, ਬੜੇ ਪਿਆਰ ਨਾਲ ਪੜ੍ਹੋ ਫਿਰ ਸਮਾਪਤੀ ਹੈ:

***ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥***

***(ਅੰਗ ੧੪੨੪)***

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

○○○

## ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ '**ਸਿਫਤਿ ਸਾਲਾਹ ਰਸਾਲੇ**' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

58. **ਸਵਾਲ: ਸਤਿਕਾਰਯੋਗ ਵੀਰ ਜੀ, ਪਰਮਾਰਥ ਦੇ ਰਸਤੇ ਤੇ ਚਲਦਿਆਂ ਕਿਹੜੇ-ਕਿਹੜੇ ਟੋਏ ਆਉਂਦੇ ਹਨ?**

**ਜਵਾਬ:** ਬਾਬਾ ਨੰਦ ਸਿੰਘ ਜੀ ਮਹਾਂਪੁਰਸ਼ ਬਚਨ ਕਰਦੇ ਸਨ ਕਿ ਜੇ ਕੋਈ ਪਰਮਾਰਥ ਦੇ ਰਸਤੇ 'ਤੇ ਤੁਰਿਆ ਹੈ ਤਾਂ ਉਸ ਨੂੰ ਚਾਰ ਟੋਏ ਆਉਂਦੇ ਹਨ- ਪਹਿਲਾ ਹੈ ਵਾਹਵਾ ਭਾਵ ਸੋਭਾ ਹੋਣੀ, ਦੂਜਾ ਹੈ ਪਰਾਈ ਔਰਤ, ਤੀਜਾ ਹੈ, ਰਿੱਧੀ ਸਿੱਧੀ ਤੇ ਚੌਥਾ ਹੈ ਹਉਮੈ। ਜੇ ਕੋਈ ਇਨ੍ਹਾਂ ਤੋਂ ਬਚ ਕੇ ਰਹੇ ਤਾਂ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ।

○○○

59. **ਸਵਾਲ: ਸਤਿਕਾਰਯੋਗ ਵੀਰ ਜੀ, ਆਮ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਵੀ ਅਸੀਂ ਪਾਠ ਕਰਨ ਬੈਠਦੇ ਹਾਂ ਤਾਂ ਦੁਨਿਆਵੀ ਕੰਮਾਂ ਦੇ ਫੁਰਨੇ ਬਣਨੇ ਸ਼ੁਰੂ ਹੋ ਜਾਂਦੇ ਹਨ, ਜਿਸ ਕਰਕੇ ਮਨ ਪਾਠ ਵਿੱਚ ਨਹੀਂ ਲੱਗਦਾ। ਇਨ੍ਹਾਂ ਫੁਰਨਿਆਂ ਤੋਂ ਕਿਵੇਂ ਛੁਟਕਾਰਾ ਹੋਵੇ?**

**ਜਵਾਬ:** ਜਦੋਂ ਤੁਸੀਂ ਪਾਠ ਕਰਨ ਬੈਠੋ ਤਾਂ ਇੱਕ ਕਾਪੀ ਪੈੱਨ ਆਪਣੇ ਕੋਲ ਰੱਖ ਲਿਆ ਕਰੋ। ਜਦੋਂ ਕੋਈ ਫੁਰਨਾ ਬਣੇ ਜਾਂ ਕੰਮ ਯਾਦ ਆ ਜਾਵੇ ਤਾਂ ਉਸ ਨੂੰ ਕਾਪੀ 'ਤੇ ਲਿਖੀ ਜਾਇਆ ਕਰੋ। ਇਸ ਤਰ੍ਹਾਂ ਕਰਨ ਨਾਲ ਅਜਿਹੇ ਫੁਰਨੇ ਜਾਂ ਦੁਨਿਆਵੀ ਕੰਮ ਦਿਮਾਗ ਤੋਂ ਨਿਕਲ ਜਾਣਗੇ ਤੇ ਉਨ੍ਹਾਂ ਨੂੰ ਇੱਕ ਕਾਗਜ਼ ਸੰਭਾਲ ਲਵੇਗਾ। ਇਹ ਚੀਜ਼ ਮਨ ਜੁੜਨ ਵਿੱਚ ਸਹਾਈ ਹੋਵੇਗੀ। ਜੇਕਰ ਕੋਈ ਕੰਮ ਯਾਦ ਆਇਆ ਤਾਂ ਮਨ ਕਹੇਗਾ ਕਿ ਕਾਗਜ਼ 'ਤੇ ਲਿਖਿਆ ਹੈ, ਬਾਅਦ ਵਿੱਚ ਹੋ ਜਾਵੇਗਾ। ਇਸ ਤਰ੍ਹਾਂ ਕਰਨ ਨਾਲ ਮਨ ਪਾਠ ਵਿੱਚ ਜੁੜਨ ਲੱਗ ਜਾਵੇਗਾ। ਕਿਉਂਕਿ ਪਵਿੱਤਰ ਗੁਰਬਾਣੀ ਦਾ ਫ਼ਰਮਾਨ ਹੈ :

*ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ ॥*
*ਤਾ ਤੂੰ ਦਰਗਹ ਪਾਵਹਿ ਮਾਨੁ ॥*

*(ਅੰਗ ੧੭੬)*

○○○

**60. ਸਵਾਲ: ਸਤਿਕਾਰਯੋਗ ਵੀਰ ਜੀ, ਅਸੀਂ ਰੋਜ਼ ਕਿੰਨੀ ਤਰ੍ਹਾਂ ਦੇ ਸੁਆਸ ਲੈਂਦੇ ਹਾਂ?**

**ਜਵਾਬ:** ਹਰ ਆਦਮੀ ਤਿੰਨ ਤਰ੍ਹਾਂ ਦੇ ਸੁਆਸ ਲੈਂਦਾ ਹੈ- 1. ਇੱਕ ਸੁਆਸ ਅਜਿਹੇ ਹਨ, ਜੋ ਅਜਾਇਆ ਚਲੇ ਜਾਂਦੇ ਹਨ। 2. ਦੂਸਰੀ ਤਰ੍ਹਾਂ ਦੇ ਸੁਆਸ, ਜਦੋਂ ਅਸੀਂ ਕਿਸੇ ਦੀ ਨਿੰਦਿਆ, ਚੁਗਲੀ ਕਰਦੇ ਹਾਂ ਤਾਂ ਉਸ ਸਮੇਂ ਦੇ ਲਏ ਸੁਆਸ ਕੇਵਲ ਅਜਾਇਆਂ ਹੀ ਨਹੀਂ ਜਾਂਦੇ, ਸਗੋਂ ਸਾਡੇ ਸਿਰ 'ਤੇ ਪਾਪਾਂ ਦੀ ਪੰਡ ਰੱਖ ਜਾਂਦੇ ਹਨ। 3. ਤੀਸਰੀ ਤਰ੍ਹਾਂ ਦੇ ਸੁਆਸ, ਜੋ ਅਸੀਂ ਪਰਮੇਸ਼ਰ ਦਾ ਨਾਮ ਜਪ ਕੇ ਸਫਲ ਕਰ ਲੈਂਦੇ ਹਾਂ। ਹੁਣ ਤੁਸੀਂ ਆਪਣੇ ਆਪ ਨੂੰ ਚੈੱਕ ਕਰੋ ਕਿ ਅਸੀਂ ਕਿਹੜੇ ਸੁਆਸ ਜ਼ਿਆਦਾ ਲੈਣੇ ਹਨ। ਜੇ ਪਹਿਲੀ ਦੋ ਤਰ੍ਹਾਂ ਦੇ ਸੁਆਸ ਲੈਂਦੇ ਹਾਂ ਤਾਂ ਆਪਣੇ ਨਿਤਨੇਮ ਤੋਂ ਇਲਾਵਾ ਇੱਕ ਪਾਠ ਜਪੁ ਜੀ ਸਾਹਿਬ ਜੀ ਦਾ ਵੱਧ ਕਰਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਿਆ ਕਰੋ ਕਿ ਹੇ ਸਤਿਗੁਰੂ ਜੀ! ਕਿਰਪਾ ਕਰੋ, ਮੈਨੂੰ ਤੀਸਰੀ ਤਰ੍ਹਾਂ ਦੇ ਸੁਆਸਾਂ ਦੀ ਲਾਈਨ ਵਿੱਚ ਲੈ ਆਓ।

*ਤੁਮ੍ ਕਰਹੁ ਦਇਆ ਮੇਰੇ ਸਾਈ ॥*
*ਐਸੀ ਮਤਿ ਦੀਜੈ ਮੇਰੇ ਠਾਕੁਰ*
*ਸਦਾ ਸਦਾ ਤੁਧੁ ਧਿਆਈ ॥੧॥ ਰਹਾਉ ॥*

*(ਅੰਗ ੬੭੩)*

੦੦੦

**61. ਸਵਾਲ: ਸਤਿਕਾਰਯੋਗ ਵੀਰ ਜੀ, ਗੁਰਦੁਆਰੇ ਜਾ ਕੇ ਸੇਵਾ ਕਰਨ ਦੀ ਜੁਗਤੀ ਦੱਸੋ ਜਿਸ ਨਾਲ ਜ਼ਿਆਦਾ ਤੋਂ ਜ਼ਿਆਦਾ ਮਹਾਤਮ ਸਾਡੀ ਝੋਲੀ ਵਿੱਚ ਪੈ ਸਕੇ।**

**ਜਵਾਬ:** ਸੇਵਾ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਸੇਵਾ ਅਜਿਹੀ ਹੁੰਦੀ ਹੈ ਕਿ ਸੇਵਾ ਕਰਦਿਆਂ-ਕਰਦਿਆਂ ਅਸੀਂ ਦੁਨਿਆਵੀ ਗੱਲਾਂ ਵੀ ਕਰੀ ਜਾਂਦੇ ਹਾਂ ਅਤੇ ਸੇਵਾ ਵੀ ਕਰੀ ਜਾਂਦੇ ਹਾਂ। ਅਜਿਹੀ ਸੇਵਾ ਦਾ ਮਹਾਤਮ ਬਹੁਤ ਘੱਟ ਹੀ ਮਿਲਦਾ ਹੈ, ਪਰ ਦੂਜੇ ਪਾਸੇ ਹੈ ਕਿ ਪੂਰੇ ਚਾਅ ਨਾਲ ਸੇਵਾ ਕਰਨੀ ਅਤੇ ਸੇਵਾ ਕਰਦਿਆਂ-ਕਰਦਿਆਂ ਨਾਲ ਸਿਮਰਨ ਵੀ ਕਰਨਾ ਜਾਂ ਗੁਰਬਾਣੀ ਪੜ੍ਹਨੀ। ਬਾਬਾ ਨੰਦ ਸਿੰਘ ਜੀ ਦਾ ਬਚਨ ਹੈ ਕਿ ਜੇ ਸੇਵਾ ਕਰਦਿਆਂ ਨਾਮ ਬਾਣੀ ਨਾਲ ਚੱਲ ਰਹੀ ਹੈ ਤਾਂ ਇਸ ਸੇਵਾ ਦਾ ਮਹਾਤਮ 100% ਮਿਲਦਾ ਹੈ, ਕਿਉਂਕਿ ਇਸ ਸੇਵਾ ਨੂੰ ਨਾਮ ਦਾ ਏਕਾ ਲੱਗ ਗਿਆ ਹੈ, ਤੀਸਰੇ ਪਾਤਸ਼ਾਹ ਜੀ ਦਾ ਬਚਨ ਹੈ, ਇਸ ਤਰ੍ਹਾਂ ਚਾਅ ਨਾਲ ਕੀਤੀ ਸੇਵਾ ਦੇ ਸਦਕਾ ਗੁਰੂ ਸਾਹਿਬ ਨੂੰ ਮਾੜੇ ਤੋਂ ਮਾੜਾ ਕਰਮ ਵੀ ਕੱਟਣਾ ਪੈਂਦਾ ਹੈ।

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*

*(ਅੰਗ ੩੧੪)*

੦੦੦

**62. ਸਵਾਲ: ਸਤਿਕਾਰਯੋਗ ਵੀਰ ਜੀ, ਕਲਯੁੱਗ ਦੇ ਕੀ ਲੱਛਣ ਹਨ?**

**ਜਵਾਬ:** ਸੰਗਤ ਵਿੱਚ ਬੈਠੇ ਮਨ ਕਾਹਲਾ ਪੈ ਜਾਏ ਕਿ ਉਠੋ ਚੱਲੀਏ, ਭਾਵ ਇਹ ਕਿ ਸੰਗਤ ਕਰਦਿਆਂ ਜਾਂ ਪਾਠ ਕਰਦਿਆਂ ਵਿਘਨ ਪੈਣੇ ਸ਼ੁਰੂ ਹੋ ਜਾਣ, ਇਹ ਹੀ ਕਲਯੁੱਗ ਦੇ ਲੱਛਣ ਹਨ।

੦੦੦

**63. ਸਵਾਲ: ਸਤਿਕਾਰਯੋਗ ਵੀਰ ਜੀ, ਤਪ ਕਿਸ ਨੂੰ ਕਹਿੰਦੇ ਹਨ?**

**ਜਵਾਬ:** ਗੁਰਬਾਣੀ ਅਨੁਸਾਰ ਸਿੱਖੀ ਵਿੱਚ ਨਿਮਾਣੇ ਤੇ ਨਿਤਾਣੇ ਹੋ ਕੇ ਗੁਰੂ ਦੀ ਸ਼ਰਧਾ ਨਾਲ ਸੇਵਾ ਕਰਨੀ ਬੜਾ ਵੱਡਾ ਤਪ ਹੈ ਜਿਵੇਂ ਗੁਰਬਾਣੀ ਵਿੱਚ ਫ਼ਰਮਾਨ ਹੈ:

*ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥*

*(ਅੰਗ ੪੨੩)*

ਇਸ ਤੋਂ ਇਲਾਵਾ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਬਚਨ ਕਰਦੇ ਸਨ ਕਿ ਕਿਸੇ ਦਾ ਬੋਲ ਕੁਬੋਲ ਸਹਾਰਨਾ ਵੀ ਬੜਾ ਵੱਡਾ ਤਪ ਹੈ।

੦੦੦

# ਅਧਿਆਤਮਿਕ ਵਿਚਾਰਾਂ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ ਵਿੱਚੋਂ

—ਸੰਪਾਦਕ

559

ਜਦੋਂ ਤੁਸੀਂ ਸੰਗਤਾਂ ਦੀਆਂ ਖੁਸ਼ੀਆਂ ਲੈਂਦੇ ਹੋ
ਸਭ ਤੋਂ ਵੱਡਾ ਕੰਮ ਕੀ ਹੁੰਦਾ ਹੈ?
ਕਲਗੀਆਂ ਵਾਲੇ ਸਾਡੇ ਮੰਦੇ ਕਰਮ ਮੇਟ ਦੇਣਗੇ।

560

ਬੋਲਾਂ ਦੀ ਗਰਮੀ ਘਰ ਵਿੱਚ ਵੀ ਨਾ ਆਵੇ,
ਸਮਾਜ ਵਿੱਚ ਵੀ ਨਾ ਆਵੇ ਪਰ ਸੰਗਤ ਵਿੱਚ
ਤੇ ਬਿਲਕੁੱਲ ਹੀ ਨਾ ਆਵੇ।

561

ਦਸਾਂ ਪਾਤਸ਼ਾਹੀਆਂ ਵਿੱਚੋਂ ਜਿੱਥੇ ਵੀ
ਤੁਹਾਡੀ ਸ਼ਰਧਾ ਹੈ ਸੁਰਤੀ ਵਿੱਚ ਆਸਣ ਲਗਾਓ
ਜੋਤ ਇੱਕੋ ਹੀ ਹੈ।



## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

*-ਭਾਈ ਅਮਰੀਕ ਸਿੰਘ ਗਨੈਸ਼ਕ*

ਪਰਮੇਸ਼ਰ ਪ੍ਰੇਮ ਸਰੂਪ ਹੈ। ਇਹ ਪ੍ਰੇਮ ਸੰਸਾਰੀ ਮੋਹ-ਮਾਇਆ ਦੇ ਮੰਡਲ ਵਾਲੀ ਕੋਈ ਸ਼ੈਅ ਨਹੀਂ, 'ਮੈਂ' 'ਮੇਰੀ' ਤੋਂ ਪਰ੍ਹੇ ਦਾ ਅਨੁਭਵ ਹੈ। ਪਰਮੇਸ਼ਰ ਪ੍ਰੇਮ ਰੂਪ ਹੋ ਕੇ ਸਰਵਵਿਆਪਕ ਹੈ-

***ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥***

*(ਸ੍ਰੀ ਜਾਪੁ ਸਾਹਿਬ)*

ਇਹ ਪ੍ਰੇਮ ਇੰਨਾ ਨੂਰਾਨੀ ਅਤੇ ਤੀਬਰ ਹੈ ਕਿ ਰੂਹਾਨੀ ਲਗਨ ਵਾਲਿਆਂ ਨੂੰ ਪਰਮ ਆਪੇ ਵਿੱਚ ਲੀਨ ਕਰਕੇ ਪ੍ਰੇਮ ਸਰੂਪ ਹੀ ਬਣਾ ਦਿੰਦਾ ਹੈ। ਪ੍ਰੇਮ ਸਰੂਪ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਪਾਸ ਇੱਕ ਦਿਨ ਸ੍ਰੀਮਾਨ ਸੰਤ ਬਾਬਾ ਜੈਮਲ ਸਿੰਘ ਜੀ ਭੂਰੀ ਵਾਲੇ ਮਹਾਂਪੁਰਖ ਆਏ।

ਬਾਬਾ ਜੈਮਲ ਸਿੰਘ ਜੀ ਦਾ ਜਨਮ 1892 ਵਿੱਚ ਜਿਹਲਮ ਜ਼ਿਲ੍ਹੇ ਦੇ ਪਿੰਡ ਗਾਹ ਵਿਖੇ ਪਿਤਾ ਸ੍ਰ. ਸ਼ੇਰ ਸਿੰਘ ਜੀ ਅਤੇ ਮਾਤਾ ਸੱਤਭਰਾਈ ਜੀ ਦੇ ਘਰ ਹੋਇਆ ਸੀ। ਮਾਤਾ ਪਿਤਾ ਵੱਲੋਂ ਬਾਬਾ ਜੀ ਦਾ ਨਾਮ ਜੈ ਰਾਮ ਸਿੰਘ ਰੱਖਿਆ ਗਿਆ। ਬਚਪਨ ਤੋਂ ਹੀ ਬਾਬਾ ਜੀ ਦਾ ਸੁਭਾਅ ਸਧਾਰਨ ਬੱਚਿਆਂ ਤੋਂ ਵੱਖਰਾ ਸੀ। ਰੂਹਾਨੀ ਰੰਗਤ, ਸੰਤੋਖੀ ਸੁਭਾਅ ਅਤੇ ਸੇਵਾ ਭਾਵ ਹਰ ਕਿਸੇ ਨੂੰ ਪ੍ਰਭਾਵਿਤ ਅਤੇ ਹੈਰਾਨ ਕਰਦਾ ਸੀ। ਪਿੰਡ ਵਿਖੇ ਹੀ ਸੰਤ ਗੋਪਾਲ ਸਿੰਘ ਜੀ ਨਿਰਮਲੇ ਮਹਾਂਪੁਰਖਾਂ ਦੀ ਸੰਗਤ ਪ੍ਰਾਪਤ ਹੋ ਗਈ। ਮਹਾਂਪੁਰਖਾਂ ਦੀ ਸੰਗਤ ਨੇ ਰੂਹਾਨੀ ਰੰਗਤ ਨੂੰ ਚਲੂਲਾ (ਗੂਹੜਾ) ਕਰ ਦਿੱਤਾ। ਰੱਬੀ ਪ੍ਰੇਰਨਾ ਅਨੁਸਾਰ ਦਰਬਾਰ ਸਾਹਿਬ ਅੰਮ੍ਰਿਤਸਰ ਆ ਗਏ। ਪਰਕਰਮਾ ਵਿੱਚ ਸੇਵਾ-ਸਿਮਰਨ ਦਿਨ-ਰਾਤ ਦਾ ਵਰਤਾਰਾ ਹੋ ਗਿਆ। ਸੰਤ ਗੋਪਾਲ ਸਿੰਘ ਜੀ ਨੇ ਆਪ ਜੀ ਨੂੰ ਜੈਮਲ ਸਿੰਘ ਦਾ ਨਾਮ ਦਿੱਤਾ ਸੀ। ਬਾਬਾ ਜੀ ਨੇ ਸੰਤ ਗਿਆਨੀ ਅਮੀਰ ਸਿੰਘ ਜੀ ਸੱਤੋਵਾਲੀ ਗਲੀ ਵਾਲਿਆਂ ਪਾਸੋਂ ਗੁਰਬਾਣੀ ਸੰਥਿਆ ਪ੍ਰਾਪਤ ਕੀਤੀ। ਸੰਤ ਗਿਆਨੀ ਅਮੀਰ ਸਿੰਘ ਜੀ ਦੀ ਪਾਰਖੂ ਨਜ਼ਰ ਨੇ ਬਾਬਾ ਜੀ ਨੂੰ ਪਛਾਣ ਲਿਆ ਸੀ। ਰੂਹਾਨੀ ਬਖਸ਼ਿਸ਼ਾਂ ਪ੍ਰਾਪਤ ਕਰਨ ਅਤੇ ਸੰਗਤਾਂ ਵਿੱਚ ਬੇਅੰਤ ਸਤਿਕਾਰ ਹੋਣ ਤੇ ਵੀ ਬਾਬਾ ਜੀ ਨੇ ਝਾੜੂ ਆਦਿ ਦੀ ਸੇਵਾ ਹੱਥੀਂ ਕਰਨ ਨੂੰ ਗਹਿਣੇ ਵੱਤ ਧਾਰਨ ਕੀਤਾ ਹੋਇਆ ਸੀ। ਗੁਰ-ਅਸਥਾਨਾਂ ਦੀ ਕਾਰ ਸੇਵਾ ਵੀ ਕਰਵਾ ਰਹੇ ਸਨ।

ਅੱਜ ਬਾਬਾ ਜੈਮਲ ਸਿੰਘ ਜੀ ਰੇਰੂ ਸਾਹਿਬ ਅਤੇ ਬਾਹੋ ਮਾਜਰੇ ਜਾ ਕੇ ਆਏ ਸਨ। ਬਾਬਾ ਜੀ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੂੰ ਕਿਹਾ, "ਆਪ ਜੀ ਨੂੰ ਇੱਕ ਬੇਨਤੀ ਕਰਨੀ ਹੈ। ਰੇਰੂ ਸਾਹਿਬ ਬਾਬਾ ਭਗਵਾਨ ਸਿੰਘ ਜੀ ਅਤੇ ਬਾਹੋ ਮਾਜਰੇ ਬਾਬਾ ਗੁਰਬਚਨ ਸਿੰਘ ਜੀ ਨੂੰ ਵੀ ਬੇਨਤੀ ਕੀਤੀ ਹੈ। ਬੇਨਤੀ ਹੈ ਕਿ ਆਪ ਮਹਾਂਪੁਰਖ ਫਤਹਿਗੜ੍ਹ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨ ਕਰਨ ਚੱਲੋ।"

"ਬਹੁਤ ਚੰਗਾ ਵਿਚਾਰ ਹੈ। ਅਸੀਂ ਵੀ ਸੰਤ ਮੰਡਲੀ ਦੇ ਅਨੁਸਾਰੀ ਹੀ ਹਾਂ।" ਮਹਾਂਪੁਰਖਾਂ ਨੇ ਬਚਨ ਕੀਤਾ, "ਤੁਸੀਂ ਸੰਤ ਜੀ ਨਾਲ ਸਾਰੀ ਵਿਚਾਰ ਕਰ ਲਵੋ।"

ਬਾਬਾ ਜੈਮਲ ਸਿੰਘ ਜੀ ਨੇ ਬਾਬਾ ਕਿਸ਼ਨ ਸਿੰਘ ਜੀ ਨਾਲ ਯਾਤਰਾ ਲਈ ਚਾਲੇ ਪਾਉਣ ਦੇ ਸਮੇਂ ਆਦਿ ਬਾਰੇ ਵਿਚਾਰ ਕਰ ਲਈ।

ਪ੍ਰੇਮ ਸਰੂਪ ਪਰਮੇਸ਼ਰ ਦੇ ਪਿਆਰੇ ਆਪਸ ਵਿੱਚ ਵੀ ਪ੍ਰੇਮ ਅਤੇ ਸਤਿਕਾਰ ਨਾਲ ਜੁੜੇ ਹੁੰਦੇ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦਾ ਸਾਰੇ ਹੀ ਮਹਾਂਪੁਰਖਾਂ ਨਾਲ ਪ੍ਰੇਮ ਸੀ। ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ ਛੰਨਾਂ ਵਾਲੇ ਮਹਾਂਪੁਰਖਾਂ ਨੇ 1941 ਵਿੱਚ ਸਰੀਰ ਰੂਪੀ ਚੋਲਾ ਤਿਆਗਣ ਤੋਂ ਪਹਿਲਾਂ ਬਚਨ ਕੀਤਾ ਸੀ, "ਪ੍ਰੇਮੀਓ! ਸਾਡਾ ਇਹ ਪੰਜ ਭੂਤਕ ਸਰੀਰ ਹੁਣ ਅਲੋਪ ਹੋ ਜਾਣਾ ਹੈ। ਜੋ ਤੁਸੀਂ ਅਸਥਾਨ ਦੀ ਸੇਵਾ ਪ੍ਰਥਾਏ ਸੋਚਦੇ ਹੋ ਕਿ ਕਿਸ ਨੂੰ ਸੌਂਪੀ ਜਾਵੇ, ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੂੰ ਬੇਨਤੀ ਕਰਨੀ ਦੁਸਹਿਰੇ ਤੇ ਦਰਸ਼ਨ ਦੇਣ, ਕੀਰਤਨ ਦੀ ਕਿਰਪਾ ਕਰਨ ਅਤੇ ਜਿਸਨੂੰ ਯੋਗ ਸਮਝਣਗੇ ਸੇਵਾ ਸੌਂਪ ਦੇਣਗੇ।" ਸੰਤ ਕ੍ਰਿਪਾਲ ਸਿੰਘ ਜੀ ਦੇ ਪਿਤਾ ਸੰਤ ਸ਼ਾਮ ਸਿੰਘ ਜੀ ਵੀ ਮਹਾਂਪੁਰਖ ਸਨ। ਸੰਤ ਸ਼ਾਮ ਸਿੰਘ ਜੀ ਦੇ ਜੀਵਨ ਵਿੱਚ ਇੱਕ ਅਜਿਹੀ ਘਟਨਾ ਵਾਪਰੀ ਸੀ ਜਿਸਨੇ ਉਨ੍ਹਾਂ ਦੇ ਜੀਵਨ ਨੂੰ ਨਵੀਂ ਸੇਧ ਦਿੱਤੀ। ਤਰਕੀ ਲੋਕ ਅਜਿਹੀ ਘਟਨਾ ਤੇ ਤਰਕ ਕਰਦੇ ਹਨ। ਅਜੋਕੇ ਸਮੇਂ ਵਿੱਚ ਕਈ ਤਰ੍ਹਾਂ ਦੇ ਨਿੱਜੀ ਲਾਹਿਆਂ ਲਈ ਝੂਠੀਆਂ ਕਹਾਣੀਆਂ ਵੀ ਘੜ ਲਈਆਂ ਜਾਂਦੀਆਂ ਹਨ, ਪਰ ਅਜਿਹੇ ਵਰਤਾਰੇ ਵੀ ਵਾਪਰਦੇ ਹਨ ਜੋ ਜਗਿਆਸੂਆਂ ਨੂੰ ਪਰਮਾਰਥ ਦੇ ਰਸਤੇ ਤੇ ਹੋਰ ਜ਼ਿਆਦਾ ਦ੍ਰਿੜ ਕਰ ਦਿੰਦੇ ਹਨ।

ਬਾਬਾ ਸ਼ਾਮ ਸਿੰਘ ਜੀ ਨੌਜਵਾਨ ਉਮਰ ਵਿੱਚ ਸਰੀਰ ਛੱਡ ਗਏ ਸਨ। ਉਨ੍ਹਾਂ ਦੇ ਸਰੀਰ ਨੂੰ ਸ਼ਮਸ਼ਾਨ ਘਾਟ ਲਿਆਂਦਾ ਗਿਆ। ਚਿਖਾ ਉੱਪਰ ਸਰੀਰ ਰੱਖਿਆ ਗਿਆ। ਲੱਕੜਾਂ ਨਾਲ ਸਰੀਰ ਢੱਕ ਕੇ ਲਾਂਬੂ ਲਾ ਦਿੱਤਾ ਗਿਆ। ਅੱਗ ਅਜੇ ਲੱਕੜਾਂ ਵਿੱਚ ਚੰਗੀ ਤਰ੍ਹਾਂ ਨਹੀਂ ਪਈ ਸੀ। ਲਾਂਬੂ ਲਾਉਂਦਿਆਂ ਹੀ ਇੱਕ ਦੋ ਸਕਿੰਟਾਂ ਦੇ ਵਿੱਚ ਕੁਝ ਅਜਿਹਾ ਵਾਪਰਿਆ ਕਿ ਸਾਰੇ ਤ੍ਰਬਕ ਉੱਠੇ। ਬਾਬਾ ਸ਼ਾਮ ਸਿੰਘ ਜੀ ਨੇ ਝਟਕੇ ਨਾਲ ਉਪਰੋਂ ਲੱਕੜਾਂ ਖਿਲਾਰ ਦਿੱਤੀਆਂ ਅਤੇ ਚਿਖਾ ਤੋਂ ਇੱਕ ਪਾਸੇ ਉਤਰ ਗਏ। ਉਨ੍ਹਾਂ ਦੀ ਇੱਕ ਲੱਤ ਨੂੰ ਸੇਕ ਲੱਗ ਗਿਆ ਸੀ। ਕਿਸੇ ਨੂੰ ਕੁਝ ਸਮਝ ਨਾ ਲੱਗਾ। ਕੁਝ ਸਕਿੰਟਾਂ ਬਾਅਦ ਸਭ ਨੇ ਪੁੱਛਣਾ ਸ਼ੁਰੂ ਕੀਤਾ, "ਸ਼ਾਮ ਸਿੰਘ ਠੀਕ ਹੋ? ਕੀ ਖੇਡ ਵਾਪਰੀ?"

"ਮੈਂ ਤਾਂ ਠੀਕ ਹਾਂ। ਗੱਲ ਵੀ ਦੱਸਦਾਂ ਸਾਰੀ, ਪਰ ਪਹਿਲਾਂ ਦੂਸਰੇ ਸ਼ਾਮ ਸਿੰਘ ਦਾ ਹਾਲ ਪਤਾ ਕਰੋ। ਉਹਦਾ ਸਮਾਂ ਹੈ ਜਾਣ ਦਾ।" ਬਾਬਾ ਸ਼ਾਮ ਸਿੰਘ ਜੀ ਨੇ ਪਿੰਡ ਦੇ ਹੀ ਦੂਸਰੇ ਸ਼ਾਮ ਸਿੰਘ ਬਾਰੇ ਪਤਾ ਕਰਨ ਲਈ ਕਿਹਾ। "ਉਹ ਤਾਂ ਇੱਥੇ ਹੀ ਹੈ। ਵੇਖੋ ਤਾਂ ਕਿਧਰ ਹੈ?" ਕਿਸੇ ਨੇ ਕਿਹਾ। ਸ਼ਾਮ ਸਿੰਘ ਵੀ ਸਸਕਾਰ ਵਿੱਚ ਸ਼ਾਮਲ ਹੋਣ ਲਈ ਆਇਆ ਹੋਇਆ ਸੀ। ਸਾਰਿਆਂ ਨੇ ਉਸਦੀ ਤਲਾਸ਼ ਵਿੱਚ ਇਧਰ-ਉਧਰ ਦੇਖਿਆ। ਕੁਝ ਜਾਣਿਆਂ ਦੀ ਉਸ ਤੇ ਇਕੱਠੀ ਨਿਗ੍ਹਾ ਪਈ। ਬਿਲਕੁਲ ਉਸੇ ਵੇਲੇ ਹੀ ਲੋਕਾਂ ਦੇ ਵੇਖਦਿਆਂ ਉਸਦੀ ਮੌਤ ਹੋ ਗਈ। ਉਸ ਸ਼ਾਮ ਸਿੰਘ ਦਾ ਸਸਕਾਰ ਉਸੇ ਦਿਨ ਉਸੇ ਚਿਖਾ ਤੇ ਹੋਇਆ। ਬਾਬਾ ਸ਼ਾਮ ਸਿੰਘ ਜੀ ਨੇ ਪਿੰਡ ਵਾਲਿਆਂ ਨੂੰ ਕਿਹਾ ਕਿ ਮੈਂ ਖੁਦ ਵੇਖ ਆਇਆ ਹਾਂ, ਅੱਗਾ ਹੈ, ਗੁਰੂ ਸਾਹਿਬ ਦੇ ਬਚਨ ਸੱਤ ਹਨ। ਗੁਰਬਾਣੀ ਉਪਦੇਸ਼ ਕਮਾ ਕੇ ਜਨਮ ਸਫਲਾ ਕਰ ਲੈਣਾ ਚਾਹੀਦਾ ਹੈ। ਉਸ ਦਿਨ ਤੋਂ ਬਾਬਾ ਸ਼ਾਮ ਸਿੰਘ ਜੀ ਪਰਮਾਰਥ ਦੇ ਪਾਂਧੀ ਬਣ ਗਏ ਅਤੇ ਗੁਰਮਤਿ ਕਮਾਉਂਦਿਆਂ ਰੂਹਾਨੀ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ।

ਬਾਬਾ ਸ਼ਾਮ ਸਿੰਘ ਜੀ ਦਾ ਵੀ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨਾਲ ਪ੍ਰੇਮ ਸੀ। ਮਹਾਂਪੁਰਖਾਂ ਪਾਸ ਆਉਂਦੇ ਵੀ ਸਨ। ਮਹਾਂਪੁਰਖ ਕਦੇ ਕਦੇ ਕਿਸੇ ਜਗਿਆਸੂ ਨੂੰ ਬਾਬਾ ਜੀ ਪਾਸ ਹੱਡਬੀਤੀ ਸੁਣਨ ਲਈ ਭੇਜਦੇ ਸਨ ਤਾਂ ਜੋ ਉਸਨੂੰ ਮਨੁੱਖਾ ਜੀਵਨ ਦੇ ਮਨੋਰਥ ਦੀ ਸਮਝ ਹੋਰ ਚੰਗੀ ਤਰ੍ਹਾਂ ਲੱਗ ਸਕੇ। ਉਸ ਵੇਲੇ ਬਾਬਾ ਜੀ ਆਪਣੀ ਲੱਤ, ਜਿੱਥੇ ਸੇਕ ਲੱਗ ਗਿਆ ਸੀ ਦਿਖਾ ਕੇ ਸਾਰੀ ਹੱਡ-ਬੀਤੀ ਦੱਸਦੇ। ਬਾਬਾ ਕ੍ਰਿਪਾਲ

ਸਿੰਘ ਜੀ ਦਾ ਜਨਮ 1901 ਨੂੰ ਹੋਇਆ ਸੀ। ਬਚਪਨ ਤੋਂ ਪਿਤਾ ਮਹਾਂਪੁਰਖਾਂ ਦੀ ਸੰਗਤ ਮਿਲੀ। ਨੌਜਵਾਨੀ ਵਿੱਚ ਮਸਤੂਆਣੇ ਵਾਲੇ ਮਹਾਂਪੁਰਖਾਂ ਦੀ ਸੰਗਤ ਪ੍ਰਾਪਤ ਹੋਈ। ਸੰਤ ਮਨੀ ਸਿੰਘ ਜੀ ਦਿਆਲਪੁਰੇ ਵਾਲਿਆਂ ਤੋਂ ਕੀਰਤਨ ਸਿੱਖਿਆ। ਕੀਰਤਨ ਰਾਹੀਂ ਗੁਰਮਤਿ ਪ੍ਰਚਾਰ ਦੀ ਸੇਵਾ ਕੀਤੀ। ਗੁਰ ਅਸਥਾਨਾਂ ਦੀ ਕਾਰ ਸੇਵਾ ਵੀ ਕਰਵਾਈ। ਚਾਲੀ ਸਾਲ ਦੀ ਆਰਜਾ ਵਿੱਚ ਹੀ ਹੁਕਮ ਅਤੇ ਮੌਜ ਅਨੁਸਾਰ ਸੱਚਖੰਡ ਗਮਨ ਕਰ ਗਏ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਦੁਸਹਿਰੇ ਸਮੇਂ ਕੀਰਤਨ ਕੀਤਾ। ਸੰਗਤ ਨਾਲ ਵਿਚਾਰ ਕਰ ਕੇ ਸੇਵਾ ਸੰਤ ਰਣਜੋਧ ਸਿੰਘ ਜੀ ਨੂੰ ਸੌਂਪੀ ਗਈ।

ਮਹਾਂਪੁਰਖਾਂ ਦਾ ਸਾਰੇ ਹੀ ਮਹਾਂਪੁਰਖਾਂ ਨਾਲ ਪ੍ਰੇਮ ਸੀ। ਸਮੇਂ ਸਮੇਂ ਤੇ ਮਹਾਂਪੁਰਖਾਂ ਦੇ ਪਰਸਪਰ ਦਰਸ਼ਨ ਅਤੇ ਵਿਚਾਰਾਂ ਹੁੰਦੀਆਂ। ਬਾਬਾ ਕਿਸ਼ਨ ਸਿੰਘ ਜੀ ਨਾਲ ਵਿਚਾਰ ਕਰਕੇ ਅਤੇ ਸਮੇਂ ਸੰਬੰਧੀ ਰੇਰੂ ਸਾਹਿਬ ਅਤੇ ਬਾਹੋਮਾਜਰੇ ਸੁਨੇਹਾ ਭੇਜ ਦਿੱਤਾ ਗਿਆ। ਨੀਅਤ ਸਮੇਂ ਅਰਦਾਸ ਉਪਰੰਤ ਦੋਵੇਂ ਮਹਾਂਪੁਰਖ ਅਤੇ ਦਸ ਸਿੰਘ ਸਟੇਸ਼ਨ ਵੈਗਨ ਨਾਮ ਦੀ ਵੱਡੀ ਗੱਡੀ ਵਿੱਚ ਬੈਠ ਗਏ। ਬਾਬਾ ਜੈਮਲ ਸਿੰਘ ਜੀ ਅਤੇ ਉਨ੍ਹਾਂ ਦੇ ਸੇਵਕ ਆਪਣੀ ਗੱਡੀ ਵਿੱਚ ਬੈਠ ਗਏ। ਰੇਰੂ ਸਾਹਿਬ ਵਾਲੇ ਮਹਾਂਪੁਰਖ ਬਾਬਾ ਭਗਵਾਨ ਸਿੰਘ ਅਤੇ ਬਾਹੋਮਾਜਰੇ ਵਾਲੇ ਬਾਬਾ ਗੁਰਬਚਨ ਸਿੰਘ ਜੀ ਵੀ ਕਰਮਸਰ ਹੀ ਆ ਗਏ ਸਨ। ਅੰਮ੍ਰਿਤ ਵੇਲੇ ਇੱਥੋ ਚਾਲੇ ਪਾ ਕੇ ਦਿਨ ਚੜ੍ਹਦੇ ਤੱਕ ਫਤਹਿਗੜ੍ਹ ਸਾਹਿਬ ਪਹੁੰਚ ਗਏ। ਦਸਮ ਪਾਤਸ਼ਾਹ ਜੀ ਦੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਚਰਨ ਛੋਹ ਪ੍ਰਾਪਤ ਧਰਤੀ ਜਿੱਥੇ ਆਪ ਜੀ ਨੇ ਅਦੁੱਤੀ ਸਾਕਾ ਵਰਤਾ ਕੇ ਸੰਸਾਰ ਨੂੰ ਅਜਿਹਾ ਚਾਨਣ ਮੁਨਾਰਾ ਬਖਸ਼ਿਸ਼ ਕੀਤਾ ਜਿਸ ਤੋਂ ਸੰਸਾਰ ਸਦੀਵੀ ਕਾਲ ਲਈ ਪ੍ਰਕਾਸ਼ ਪ੍ਰਾਪਤ ਕਰਦਾ ਰਹੇਗਾ।

ਸਭ ਤੋਂ ਪਹਿਲਾਂ ਫਤਹਿਗੜ੍ਹ ਸਾਹਿਬ ਦੇਗ ਕਰਵਾ ਕੇ ਸੰਗਤੀ ਰੂਪ ਵਿੱਚ ਦਰਸ਼ਨ ਕੀਤੇ। ਇਸ ਤੋਂ ਬਾਅਦ ਠੰਢਾ ਬੁਰਜ, ਬਿਬਾਨਗੜ੍ਹ ਸਾਹਿਬ, ਜੋਤੀ ਸਰੂਪ ਸਾਹਿਬ ਆਦਿ ਸਾਰੇ ਅਸਥਾਨਾਂ ਦੇ ਦਰਸ਼ਨ ਕੀਤੇ। ਇੱਥੋਂ ਚਾਲੇ ਪਾ ਕੇ ਭੱਠਾ ਸਾਹਿਬ ਰੋਪੜ ਦਰਸ਼ਨ ਕੀਤੇ। ਪਰਸ਼ਾਦਾ ਛਕਿਆ। ਇਸ ਤੋਂ ਬਾਅਦ ਗੁਰਦੁਆਰਾ ਸਦਾਬਰਤ ਸਾਹਿਬ ਦਰਸ਼ਨ ਕੀਤੇ। ਇਸ ਅਸਥਾਨ ਤੇ ਗੁਰੂ ਸਾਹਿਬ ਨੇ ਛੇਵੇਂ, ਸੱਤਵੇਂ, ਅੱਠਵੇਂ, ਨੌਵੇਂ ਅਤੇ ਦਸਵੇਂ ਜਾਮੇ ਵਿੱਚ ਚਰਨ ਪਾਏ ਹਨ। ਇੱਥੋਂ ਚਾਲੇ ਪਾ ਕੇ ਗੁਰਦੁਆਰਾ ਅਟਕ ਸਾਹਿਬ ਦਰਸ਼ਨ ਕੀਤੇ। ਇਸ ਅਸਥਾਨ ਨੂੰ ਅੱਜ ਕੱਲ੍ਹ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਕਿਹਾ ਜਾਂਦਾ ਹੈ। ਬਾਬਾ ਕਰਤਾਰ ਸਿੰਘ ਜੀ ਭੈਰੋ ਮਾਜਰੇ ਵਾਲਿਆਂ ਨੇ ਇਸ ਅਸਥਾਨ ਦੀ ਸੇਵਾ ਆਰੰਭ ਕਰਵਾਈ ਸੀ ਅਤੇ ਖੁਦ ਹੱਥੀਂ ਸੇਵਾ ਕੀਤੀ ਸੀ। ਬਾਬਾ ਕਰਤਾਰ ਸਿੰਘ ਅਸਥਾਨ ਨੂੰ ਅਟਕ ਸਾਹਿਬ ਕਹਿੰਦੇ ਸਨ ਅਤੇ ਬਚਨ ਕਰਦੇ ਸਨ ਕਿ ਗੁਰੂ ਸਾਹਿਬ ਦਾ ਪਰਿਵਾਰ ਤਾਂ ਅਭੇਦ ਅਵਸਥਾ ਦਾ ਮਾਲਿਕ ਹੈ, ਉਨ੍ਹਾਂ ਨੂੰ ਕਦੇ ਵਿਛੋੜਾ ਨਹੀਂ ਹੈ।

ਇਹ ਅਸਥਾਨ ਸਾਨੂੰ ਯਾਦ ਕਰਵਾਉਂਦਾ ਹੈ ਜਿਸ ਵਿਰਸੇ ਤੇ ਸਾਨੂੰ ਮਾਣ, ਇਹ ਸਾਡੇ ਤੱਕ ਪਹੁੰਚੇ ਇਸਦੇ ਵਾਸਤੇ ਕਿੰਨੀਆਂ ਕੁਰਬਾਨੀਆਂ ਹੋਈਆਂ ਹਨ। ਨਿਤਨੇਮ ਵਿੱਚ ਪ੍ਰਪੱਕਤਾ ਦੀ ਪ੍ਰੇਰਨਾ ਵੀ ਇਹ ਪਾਵਨ ਅਸਥਾਨ ਕਰਦਾ ਹੈ। ਕਾਸ਼ ਅਸੀਂ ਨਿਤਨੇਮ ਵਿੱਚ ਪ੍ਰਪੱਕ ਹੋ ਪਾਈਏ! ਕਾਸ਼ ਅਸੀਂ ਗੁਰਮਤਿ ਦੇ ਮਹਾਨ ਵਿਰਸੇ ਦੇ ਵਾਰਸ ਬਣ ਪਾਈਏ! ਉਹ ਵਿਰਸਾ ਜੋ ਵਿਕਾਰਾਂ ਨੂੰ ਤਿਆਗ ਕੇ ਸੁਚੱਜੀ ਜੀਵਨ ਜਾਚ ਅਪਨਾਉਣ ਦਾ ਉਪਦੇਸ਼ ਦਿੰਦਾ ਹੈ। ਉਹ ਵਿਰਸਾ ਜੋ ਸੰਕੀਰਣਤਾ ਤੋਂ ਉੱਚੇ ਉੱਠ ਕੇ ਸਰਬੱਤ ਦੇ ਭਲੇ ਦੀ ਕਾਮਨਾ ਦਾ ਧਾਰਨੀ ਬਣਾਉਂਦਾ ਹੈ।

○○○

# ਆਗਮਨ ਕਥਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ (VCD 111)**

*—ਜਸਵਿੰਦਰ ਸਿੰਘ (ਪਟਿਆਲਾ)*

*ਆਸਾ ਮਹਲਾ ੫॥*
*ਸਤਿਗੁਰ ਸਾਚੈ ਦੀਆ ਭੇਜਿ ॥*
*ਚਿਰੁ ਜੀਵਨੁ ਉਪਜਿਆ ਸੰਜੋਗਿ ॥*
*ਉਦਰੈ ਮਾਹਿ ਆਇ ਕੀਆ ਨਿਵਾਸੁ ॥*
*ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥*
*ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥*
*ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥*
*(ਅੰਗ ੩੯੬)*

ਛੇਵੇਂ ਪਾਤਸ਼ਾਹ ਜੀ ਦੇ ਪਿਆਰ ਵਿੱਚ ਸਾਰੀਆਂ ਸੰਗਤਾਂ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ। ਅੱਜ ਖੁਸ਼ੀਆਂ ਦਾ ਦਿਨ ਹੈ।

***ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥***
*(ਅੰਗ ੪੪)*

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ, ਇਹ ਖੁਸ਼ੀ ਲੁਕੀ ਛਿਪੀ ਨਹੀਂ ਹੈ। ਗੁੱਝੀ ਛੰਨੀ ਦਾ ਅਰਥ ਹੈ ਕਿ ਇਹ ਖੁਸ਼ੀ ਲੁਕੀ ਛਿਪੀ ਨਹੀਂ ਹੈ। ਇੱਕ ਹੁੰਦਾ ਹੈ, ਮੈਨੂੰ ਫਲਾਣੀ ਦਾਤ ਗੁਰੂ ਕੋਲੋਂ ਮਿਲੀ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ, ਖੁਸ਼ੀ ਲੁਕੀ ਛਿਪੀ ਨਹੀਂ, ਇਹ ਖੁਸ਼ੀ ਦੁਨੀਆਂ ਦੇ ਸਾਹਮਣੇ ਹੈ।

*ਗੁਝੀ ਛੰਨੀ ਨਾਹੀ ਬਾਤ ॥*
*ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥*
*(ਅੰਗ ੩੯੬)*

ਇਸ ਖੁਸ਼ੀ ਦਾ ਵਿਚੋਲਾ ਕੌਣ ਬਣਿਆ ਹੈ: ਧੰਨ ਬਾਬਾ ਬੁੱਢਾ ਸਾਹਿਬ ਜੀ। ਮਾਤਾ ਗੰਗਾ ਜੀ ਜਦੋਂ ਪਹਿਲੀ ਵਾਰੀ ਦਰਸ਼ਨ ਕਰਨ ਗਏ ਬਾਬਾ ਬੁੱਢਾ ਸਾਹਿਬ ਜੀ ਦੇ। ਮਾਤਾ ਗੰਗਾ ਜੀ ਦੇ ਮਨ ਵਿੱਚ ਮਾਮੂਲੀ ਜਿਹੀ ਗੱਲ ਸੀ ਕਿ ਬਾਬਾ ਬੁੱਢਾ ਸਾਹਿਬ ਜੀ ਤਾਂ ਸਿੱਖ ਨੇ ਗੁਰੂ ਘਰ ਦੇ ਤੇ ਅਸੀਂ ਗੁਰੂ ਕੇ ਮਹਿਲ ਹਾਂ। ਦਾਸੀਆਂ, ਰੱਥ ਸਭ ਕੁਝ ਲੈ ਕੇ ਗਏ। ਇਹ ਵੀ ਤਾਂ ਸਾਡੇ ਲਈ ਸਿੱਖਿਆ ਹੈ ਕਿ ਗੁਰੂ ਘਰ ਵਿੱਚ ਕੁਝ ਬਣ ਕੇ ਨਾ ਜਾਈਏ। ਭਾਵੇਂ ਕੀਰਤਨੀਆ ਹੈਂ, ਭਾਵੇਂ ਮਾਇਆ ਵੱਲੋਂ ਵੱਡਾ ਹੈ, ਭਾਵੇਂ ਰਾਜਾ ਹੈਂ, ਭਾਵੇਂ ਬਹੁਤ ਸੁੰਦਰ ਹੈਂ, ਭਾਵੇਂ ਬੜਾ ਵੱਡਾ ਕਲਾਕਾਰ ਹੈਂ, ਪਰ ਜਦੋਂ ਗੁਰੂ ਘਰ ਜਾਣਾ ਹੈ, ਨਿਮਰਤਾ ਨਾਲ ਮਨ ਨੀਵਾਂ ਕਰਕੇ। ਇਹ ਜਿੰਨੀਆਂ ਸੰਗਤਾਂ ਬੈਠੀਆਂ ਹਨ, ਜਦੋਂ ਦਰਬਾਰ ਸਾਹਿਬ ਜਾਂ ਸ਼ਹੀਦਾਂ ਸਾਹਿਬ ਜਾਂ ਵੀਰਵਾਰ ਹਫਤਾਵਾਰੀ ਸਮਾਗਮ ਦਾ ਨੇਮ ਹੈ ਜਾਂ ਕਿਸੇ ਹੋਰ ਗੁਰਦੁਆਰਾ ਸਾਹਿਬ ਦਾ ਨੇਮ ਹੈ, ਗੁਰੂ ਘਰ ਜਦੋਂ ਵੀ ਜਾਣਾ ਹੈ, ਕੁਝ ਬਣ ਕੇ ਨਹੀਂ ਜਾਣਾ। ਨਿਮਾਣੇ, ਨਿਤਾਣੇ ਹੋ ਕੇ ਜਾਣਾ ਹੈ। ਸਿੱਖ ਨੇ ਸ਼ਰਨਾਗਤ ਭਗਤੀ ਕਰਨੀ ਹੈ। ਇਸ ਨੂੰ ਮਹਾਂਪੁਰਸ਼ ਇਸ ਤਰ੍ਹਾਂ ਵੀ ਸਮਝਾਉਂਦੇ ਸੀ। ਕਹਿੰਦੇ, ਅਭਿਆਸ ਵੀ ਰੱਜ ਕੇ ਕਰਨਾ ਹੈ, ਕੀਰਤਨ ਵੀ ਰੱਜ ਕੇ ਸੁਣਨੇ ਹਨ, ਨਾਮ ਵੀ ਰੱਜ ਕੇ ਜਪਣਾ ਹੈ, ਬਾਣੀ ਵੀ ਰੱਜ ਕੇ ਪੜ੍ਹਨੀ ਹੈ ਪਰ ਇਹ

ਸਾਰਾ ਕੁਝ ਜਿਹੜਾ ਹੈ, ਬਲੂੰਗੜੇ ਵਰਗੀ ਬਾਤ ਰੱਖਣੀ ਹੈ, ਬਲੂੰਗੜੇ ਵਰਗੀ। ਇੱਕ ਬਾਂਦਰੀ ਦਾ ਬੱਚਾ ਛਾਤੀ ਨਾਲ ਲੱਗਾ ਹੁੰਦਾ ਹੈ, ਬੱਚੇ ਨੇ ਮਾਂ ਨੂੰ ਫੜਿਆ ਹੈ। ਉਹ ਇਕ ਟਾਹਣ ਤੋਂ ਦੂਜੇ ਟਾਹਣ 'ਤੇ ਟੱਪਦੀ ਹੈ ਛਾਲਾਂ ਮਾਰਦੀ ਹੈ ਪਰ ਹੈਰਾਨਗੀ ਵਾਲੀ ਗੱਲ। ਬਾਂਦਰੀ ਨੇ ਬੱਚੇ ਨੂੰ ਨਹੀਂ ਫੜਿਆ, ਬੱਚੇ ਨੇ ਮਾਂ ਨੂੰ ਫੜਿਆ ਹੈ। ਜੇ ਬੱਚਾ ਛੱਡੇ ਤਾਂ ਡਿੱਗ ਪਵੇਗਾ। ਕਹਿੰਦੇ ਸੀ, ਕਦੀ ਬਿੱਲੀ ਨੂੰ ਵੇਖੋ। ਉਹ ਦੰਦ ਜਿਹੜੇ ਦੂਜਿਆਂ ਲਈ ਜ਼ਹਿਰ ਹਨ, ਉਹੋ ਦੰਦ ਜਿਹੜੇ ਕਿਸੇ ਹੋਰ ਜੀਵ ਨੂੰ ਛੱਡਦੇ ਨਹੀਂ, ਉਨ੍ਹਾਂ ਹੀ ਦੰਦਾਂ ਨਾਲ ਬਿੱਲੀ ਆਪਣੇ ਬਲੂੰਗੜਿਆਂ ਨੂੰ ਫੁੱਲਾਂ ਵਾਂਗ ਚੁੱਕ ਕੇ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਖੜ੍ਹਦੀ ਹੈ। ਬਲੂੰਗੜੇ ਦੀ ਕੋਈ ਜ਼ਿੰਮੇਵਾਰੀ ਨਹੀਂ। ਮਾਂ ਨੇ ਚੁੱਕ ਕੇ ਖੜ੍ਹਿਆ ਹੈ। ਮਾਂ ਨੇ ਸੰਭਾਲਿਆ ਹੈ। ਇਹ ਮਹਾਂਪੁਰਸ਼ ਮਿਸਾਲ ਦਿੰਦੇ ਸੀ। ਭਗਤੀ ਵੀ ਕਰ, ਨਾਮ ਵੀ ਜਪ, ਸਿਮਰਨ ਵੀ ਕਰ ਪਰ ਇਨ੍ਹਾਂ ਸਾਰਿਆਂ ਦੀ ਮੈਂ ਨਾ ਆ ਜਾਵੇ। ਇਹ ਸਭ ਕੁਝ ਕਰਦੇ ਹੋਏ ਆਪਣੇ ਪਿਤਾ ਕਲਗੀਧਰ ਪਾਤਸ਼ਾਹ ਜੀ ਦਾ ਹੱਥ ਸਿਰ 'ਤੇ ਜ਼ਰੂਰ ਰਖਵਾਉਣਾ। ਜੋ ਕੁਝ ਹੋ ਰਿਹਾ ਹੈ, ਤੇਰੀ ਮਿਹਰ ਨਾਲ ਹੋ ਰਿਹਾ ਹੈ, ਸ਼ਰਨਾਗਤ ਭਗਤੀ। ਮਾਂ ਦੀ ਜ਼ਿੰਮੇਵਾਰੀ। ਉਸ ਦਾ ਮਿਹਰਾਂ ਭਰਿਆ ਹੱਥ ਸਿਰ ਤੇ ਹੈ ਤਾਂ ਹੀ ਸਭ ਕੁਝ ਹੋ ਰਿਹਾ ਹੈ। ਸ਼ਰਨਾਗਤ ਭਗਤੀ ਕਰਿਓ। ਮੇਰੇ ਧੰਨ ਗੁਰੂ ਰਾਮਦਾਸ ਜੀ ਜਿਸ ਵੱਲ ਉਂਗਲ ਕਰ ਦੇਣ ਤੇ ਉਸ ਦੇ ਲੇਖੇ ਫੱਟ ਸਕਦੇ ਹਨ ਪਰ ਆਪਣੇ ਆਪ ਨੂੰ ਕਿੱਥੇ ਰੱਖਿਆ ਹੈ :

*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ ॥*

*(ਅੰਗ ੭੫੭)*

ਕੁਝ ਬਣੇ ਨਹੀਂ। ਇਹ ਸ਼ਰਨਾਗਤ ਭਗਤੀ ਹੈ, ਕੁਝ ਬਣਨਾ ਨਾ।

*ਨਾਨਕੁ ਗਰੀਬੁ ਢਹਿ ਪਇਆ ਦੁਆਰੈ...*

ਧੰਨ ਗੁਰੂ ਰਾਮਦਾਸ ਜੀ ਪਹੁੰਚ ਗਏ, ਪਾ ਲਿਆ ਹੈ, ਸ਼ਬਦ ਸਦਕਾ ਪਰ ਮਨ ਕਿੱਥੇ ਰੱਖਿਆ ਹੈ:

*ਹਰਿ ਕੇ ਜਨ ਸਤਿਗੁਰ ਸਤਪੁਰਖਾ*
*ਬਿਨਉ ਕਰਉ ਗੁਰ ਪਾਸਿ ॥*
*ਹਮ ਕੀਰੇ ਕਿਰਮ ਸਤਿਗੁਰ ਸਰਣਾਈ*
*ਕਰਿ ਦਇਆ ਨਾਮੁ ਪਰਗਾਸਿ ॥*

*(ਅੰਗ ੧੦)*

ਦੱਸੋ, ਹੈ ਕੋਈ ਐਸਾ। ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਵਿੱਚ ਇੰਨੀ ਤਾਕਤ ਜਿਸ ਵੱਲ ਉਂਗਲ ਕਰ ਦੇਣ, ਉਸ ਦੇ ਲੇਖੇ ਨਿਰੰਕਾਰ ਨੂੰ ਪਾੜਨੇ ਪੈਣਗੇ ਪਰ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਨੇ ਆਪਣਾ ਮਨ ਕਿੱਥੇ ਰੱਖਿਆ ਹੈ, ਹੇ ਧੰਨ ਗੁਰੂ ਅਮਰਦਾਸ ਜੀ! ਮੈਂ ਆਪ ਜੀ ਦਾ ਕੀੜਾ ਹਾਂ। ਕੁਝ ਬਣਨਾ ਨਾ। ਸਾਰੇ ਅਭਿਆਸ ਕਰਕੇ ਵੀ ਇਹ ਕਹਿਣਾ, ਤੂੰ ਮੇਰੇ 'ਤੇ ਨਦਰਿ ਕਰੇਂ ਤੇ ਮੇਰੀ ਜਗ੍ਹਾ ਬਦਲ ਸਕਦੀ ਹੈ, ਮੈਂ ਕੁਝ ਨਹੀਂ। ਸਾਰੀ ਸੰਗਤ, ਸ਼ਰਨਾਗਤ ਭਗਤੀ, ਸ਼ੁਕਰਾਨਾ ਭਗਤੀ ਕਰੇ। ਤੁਹਾਡੇ ਸਰੀਰ 'ਤੇ ਅਨੇਕਾਂ ਫਲ ਲੱਗੇ ਹੋਣ।

*ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ*
*ਗੁਰਮੁਖਿ ਨਿਮਾਣਾ ਹੋਹੁ ॥*

*(ਅੰਗ ੪੪੧)*

ਇਹ ਬੜਾ ਜ਼ਰੂਰੀ ਵੱਡਾ ਫਲ ਹੈ, ਸਾਡੇ ਜੀਵਨ ਵਿੱਚ ਲੱਗਾ ਹੋਵੇ।

*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*

*(ਅੰਗ ੫੯੫)*

ਕਿੰਨੀ ਵੱਡੀ ਬਾਤ ਹੈ। ਧੰਨ ਗੁਰੂ ਰਾਮਦਾਸ ਜੀ ਨਿਰੰਕਾਰ ਨਾਲ ਇਕ ਮਿਕ ਹੋ ਗਏ ਪਰ ਤਾਂ ਵੀ ਇਹ ਫਲ ਲੱਗਾ ਹੈ ਤੇ ਮੁਖ ਵਿੱਚੋਂ ਬੋਲ ਨਿਕਲਦੇ ਹਨ :

***ਨਾਨਕੁ ਗਰੀਬੁ ਢਹਿ ਪਇਆ ਦੁਆਰੈ***
***ਹਰਿ ਮੇਲਿ ਲੈਹੁ ਵਡਿਆਈ ॥***

*(ਅੰਗ ੭੫੭)*

ਮੂੰਹ ਵਿੱਚੋਂ ਬੋਲ ਨਿਕਲਦੇ ਹਨ :

***ਹਮ ਕੀਰੇ ਕਿਰਮ ਸਤਿਗੁਰ ਸਰਣਾਈ***
***ਕਰਿ ਦਇਆ ਨਾਮੁ ਪਰਗਾਸਿ ॥***

*(ਅੰਗ ੧੦)*

ਇਹ ਧੰਨ ਗੁਰੂ ਰਾਮਦਾਸ ਜੀ ਦਾ ਸ਼ਬਦ ਹੈ, ਕਹਿੰਦੇ ਮੇਰੇ ਰਾਮ :

***ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥***

*(ਅੰਗ ੧੬੭)*

ਧਿਆਨ ਦੇਣਾ, ਮਾਤਾ ਗੰਗਾ ਜੀ ਜਦੋਂ ਪਹਿਲੀ ਵਾਰ ਗਏ ਤੇ ਥੋੜ੍ਹਾ ਜਿਹਾ ਰੂਪ ਹੋਰ ਸੀ। ਕਿਤੇ ਕਿਨਕਾ ਸੀ, ਅਸੀਂ ਗੁਰੂ ਕੇ ਮਹਿਲ ਹਾਂ। ਵੈਸੇ ਜਿੰਨੇ ਆਪਾਂ ਬੈਠੇ ਹਾਂ, ਮੈਂ, ਦਾਸ ਨੂੰ ਵੀ ਆ ਜਾਂਦੀ ਹੈ। ਕਦੀ ਆ ਵੀ ਜਾਵੇ, ਜਿੱਥੋਂ ਤੱਕ ਆਈ ਹੈ, ਜਦੋਂ ਪਤਾ ਲੱਗ ਗਿਆ, ਆ ਗਈ ਹੈ ਤੇ ਉੱਥੋਂ ਮੋੜ ਕੱਟ ਦਿਆ ਕਰੋ ਤਾਂ ਵੀ ਗੁਰੂ ਸਾਹਿਬ ਖੁਸ਼ ਹੁੰਦੇ ਹਨ। ਜਿੱਥੋਂ ਤੱਕ ਆ ਗਈ, ਉੱਥੋਂ ਹੀ ਮੋੜ ਕੱਟ ਦਿਓ। ਕਿੱਥੇ ਵਰ ਪੈਣਾ ਸੀ ਝੋਲੀ ਵਿੱਚ ਤੇ ਕਿੱਥੇ ਬਾਬਾ ਬੁੱਢਾ ਜੀ ਦੇ ਮੁੱਖ ਵਿੱਚੋਂ ਨਿਕਲ ਆਇਆ, ਗੁਰੂ ਕਿਆਂ ਨੂੰ ਕਿੱਥੋਂ ਭਾਜੜਾਂ ਪੈ ਗਈਆਂ ਹਨ? ਉੱਥੋਂ ਹੀ ਮੋੜ ਕੱਟ ਲਿਆ ਹੈ। ਚਾਨਣਾ ਹੋ ਗਿਆ, ਮੋੜ ਕੱਟ ਲਿਆ। ਜਾਣ ਦੀ ਜੁਗਤੀ ਦੱਸੀ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ। ਮਾਤਾ ਗੰਗਾ ਜੀ ਨੂੰ ਗੁਰੂ ਸਾਹਿਬ ਕਹਿਣ ਲੱਗੇ, ਗੰਗਾ ਜੀ ਪੂਰਨ ਮਹਾਂਪੁਰਸ਼ ਕੋਲ ਕੁਝ ਲੈਣ ਜਾਈਏ ਤੇ ਨਿਮਰਤਾ ਵਿੱਚ ਜਾਈਦਾ ਹੈ। ਮਾਤਾ ਜੀ ਕਹਿੰਦੇ, ਫਿਰ ਕਿਵੇਂ ਜਾਈਏ? ਆਪ ਜੀ ਕੋਈ ਜੁਗਤੀ ਦੱਸੋ। ਪੰਜਵੇਂ ਪਾਤਸ਼ਾਹ ਜੀ ਕਹਿੰਦੇ, ਨੰਗੀ ਪੈਰੀਂ ਜਾਓ। ਆਪ ਹੱਥੀਂ ਮਿੱਸੇ ਪ੍ਰਸ਼ਾਦੇ ਬਣਾ ਕੇ, ਲੱਸੀ ਤਿਆਰ ਕਰਕੇ ਨਾਲ ਦਹੀਂ, ਗੰਢੇ ਲੈ ਕੇ ਜਾਓ। ਸੰਗਤ ਧਿਆਨ ਦੇਣਾ। ਪੰਦਰਾਂ ਫੁੱਟ ਕੋਈ ਦੂਰ ਆ ਰਿਹਾ ਹੋਵੇ ਤੇ ਬੈਠਾ ਹੋਵੇ ਅਵਾਜ਼ ਮਾਰੇ। ਇਸ ਤਰ੍ਹਾਂ ਮਾਤਾ ਜੀ ਪਹੁੰਚੇ ਵੀ ਨਹੀਂ, ਆ ਰਹੇ ਹਨ ਨਿਮਾਣੇ ਹੋ ਕੇ ਤੇ ਬਾਬਾ ਬੁੱਢਾ ਸਾਹਿਬ ਜੀ 15 ਫੁੱਟ ਤੋਂ ਹੀ ਅਵਾਜ਼ ਦਿੰਦੇ ਹਨ, ਮਾਤਾ ਜੀ, ਜਲਦੀ ਆਓ, ਬੱਚਿਆਂ ਨੂੰ ਭੁੱਖ ਲੱਗੀ ਹੋਈ ਹੈ। ਬਾਬਾ ਬੁੱਢਾ ਸਾਹਿਬ ਜੀ ਦੀ ਉਮਰ ਵੱਡੀ ਸੀ ਪਰ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲਾਂ ਨੂੰ ਮਾਤਾ ਜੀ ਕਹਿ ਕੇ ਬੁਲਾਉਂਦੇ ਸੀ। ਮਾਤਾ ਜੀ, ਜਲਦੀ ਆਓ, ਬੱਚਿਆਂ ਨੂੰ ਭੁੱਖ ਲੱਗੀ ਹੈ। ਜਦੋਂ ਮਾਤਾ ਜੀ ਕੋਲ ਆਏ, ਮਾਤਾ ਗੰਗਾ ਜੀ ਤੇ ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਬੱਚਿਆਂ ਨੂੰ ਭੁੱਖ ਲੱਗੇ ਤੇ ਮਾਂ ਨੂੰ ਪਤਾ ਲੱਗ ਜਾਂਦਾ ਹੈ, ਮਾਤਾ ਜੀ, ਜਲਦੀ ਖੋਲ੍ਹੋ ਗੱਠੜੀ। ਜਦੋਂ ਮਾਤਾ ਜੀ ਨੇ ਮਿੱਸੇ ਪ੍ਰਸ਼ਾਦੇ, ਲੱਸੀ, ਦਹੀ ਤੇ ਗੰਢਾ ਬਾਬਾ ਜੀ ਦੇ ਅੱਗੇ ਰੱਖੇ। ਹੁਣ ਪ੍ਰਸ਼ਾਦਾ ਸ਼ੁਰੂ ਕਰਨਾ ਹੋਵੇ ਤੇ ਗੁਰੂ ਕੇ ਪਿਆਰੇ ਸੁਰਤੀ ਨਾਲ ਭੋਗ ਲਗਾਉਂਦੇ ਹਨ। ਮੈਨੂੰ ਨਹੀਂ ਪਤਾ, ਤੁਸੀਂ ਲਗਾਉਂਦੇ ਹੋ ਜਾਂ ਨਹੀਂ। ਦਾਸ ਨੂੰ ਮਹਾਂਪੁਰਸ਼ਾਂ ਦਾ ਬਚਨ ਯਾਦ ਆ ਗਿਆ, ਥਾਲੀ ਵਿਚ ਜਿੰਨੀਆਂ ਚੀਜ਼ਾਂ ਹੋਣ, ਭਾਵੇਂ ਕਿਰਪਾਨ ਭੇਟ ਹੋ ਜਾਵੇ ਤੇ ਵਧੀਆ ਹੈ। ਜੇ ਘਰ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਹੈ ਤਾਂ ਥਾਲੀ ਭੋਗ ਲੱਗ ਕੇ ਆਵੇ। ਜੇ ਕਿਧਰੇ ਖੁੱਲ੍ਹਾ ਵਿਚਰ ਰਿਹਾ ਹੈਂ ਤੇ ਕੜਾ ਵੀ ਸ਼ਸਤਰ ਹੈ। ਕੜਾ ਹੀ ਸਬਜ਼ੀ ਨੂੰ, ਪਿਆਜ ਨੂੰ, ਆਚਾਰ ਨੂੰ ਤੇ ਪੰਜ ਵਾਰੀ ਮੂਲ ਮੰਤਰ ਪੜ੍ਹ ਲਓ, ਦੋ ਵਾਰੀ ਪੜ੍ਹ ਲਓ, ਇੱਕ ਵਾਰੀ ਪੜ੍ਹ ਲਓ, ਬਾਣੀ ਤੇ ਸ਼ਸਤਰ ਉਸ ਨੂੰ ਪਵਿੱਤਰ ਕਰ ਦਿੰਦੇ ਹਨ। ਕਈ ਵਾਰੀ ਕਮੀ-ਪੇਸ਼ੀ ਹੁੰਦੀ ਹੈ, ਜੂਠ ਲੱਗਾ ਹੁੰਦਾ ਹੈ, ਜੂਠੇ ਹੱਥ ਲੱਗੇ ਹੁੰਦੇ ਹਨ, ਉਹ ਪਵਿੱਤਰਤਾ ਆ ਜਾਂਦੀ ਹੈ। ਛੋਟੀ ਅਰਦਾਸ ਕਰਕੇ ਗਰੀਬ ਨਿਵਾਜ, ਆਪ ਜੀ ਛਕੋ, ਭੋਗ ਲਗਾਓ, ਇਹ ਵੱਡੇ ਬਾਬਾ ਜੀ ਬਚਨ ਕਰਦੇ ਸੀ, ਇੰਝ ਬਾਣੀ ਤੇ ਸ਼ਸਤਰ ਦੀ ਭੇਟਾ ਦੇ ਕੇ ਛੋਟੀ ਅਰਦਾਸ ਕਰਕੇ ਗੁਰਸਿੱਖ ਪ੍ਰਸ਼ਾਦਾ ਛਕਦਾ ਹੈ, ਪਹਿਲੀ ਗਰਾਹੀ ਧੰਨ ਗੁਰੂ ਨਾਨਕ ਸਾਹਿਬ ਨੂੰ

ਪਹੁੰਚਦੀ ਹੈ। ਯਤਨ ਕਰੋ, ਪ੍ਰਸ਼ਾਦੇ ਵਿੱਚ ਵੀ ਨਾਮ ਵੱਸੇ।

***ਕਰੀ ਪਾਕਸਾਲ ਸੋਚ ਪਵਿਤ੍ਰਾ***
***ਹੁਣਿ ਲਾਵਹੁ ਭੋਗੁ ਹਰਿ ਰਾਏ॥***

***(ਅੰਗ ੧੨੬੬)***

ਜੇ ਤੇਰੇ ਪ੍ਰਸ਼ਾਦੇ ਵਿੱਚ ਨਾਮ ਨਹੀਂ ਵਸਿਆ ਤੇ ਫਿਰ ਮਹਾਰਾਜ ਕਹਿੰਦੇ ਹਨ:

***ਨਾਮ ਬਿਨਾ ਜੋ ਪਹਿਰੈ ਖਾਇ॥***
***ਜਿਉ ਕੂਕਰੁ ਜੂਠਨ ਮਹਿ ਪਾਇ॥੧॥***

***(ਅੰਗ ੨੪੦)***

ਜਿਵੇਂ ਕੁੱਤਾ ਜੂਠ ਵਿੱਚ ਮੂੰਹ ਮਾਰਦਾ ਹੈ, ਫਿਰ ਤੂੰ ਉਂਝ ਖਾ ਰਿਹਾ ਹੈ, ਜੇ ਖਾਣ ਤੋਂ ਪਹਿਲਾਂ ਉਸ ਨੂੰ ਯਾਦ ਨਹੀਂ ਕੀਤਾ, ਸੁਰਤੀ ਵਿੱਚ ਭੋਗ ਨਹੀਂ ਲਗਾਇਆ। ਬਾਬਾ ਜੀ ਬ੍ਰਹਮ ਗਿਆਨੀ ਸੀ, ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਹੀ ਅੰਮ੍ਰਿਤ ਸੀ। ਉਨ੍ਹਾਂ ਨੇ ਆਪਣੀ ਸੁਰਤੀ ਦੀ ਮਰਿਆਦਾ ਪੂਰੀ ਕੀਤੀ ਤੇ ਜਦੋਂ ਬਾਬਾ ਬੁੱਢਾ ਸਾਹਿਬ ਜੀ ਪਹਿਲੀ ਗਰਾਹੀ ਮਿੱਸੇ ਪ੍ਰਸ਼ਾਦੇ ਦੀ ਤੋੜਨ ਲੱਗੇ ਤੇ ਬੰਦਾ ਵੇਖਦਾ ਹੈ, ਬਾਕੀ ਚੀਜ਼ਾਂ ਤਿਆਰ ਹਨ ਤੇ ਗੰਢਾ ਜਿਹੜਾ ਹੈ, ਉਹ ਸਬੂਤਾ ਹੀ ਸੀ। ਪ੍ਰਸ਼ਾਦੇ ਤੋਂ ਬਾਅਦ, ਪਿਆਜ ਛਕਣਾ ਹੈ ਤੇ ਛਕਣ ਤੋਂ ਪਹਿਲਾਂ ਹੀ ਫਿਰ ਕਹਿੰਦੇ ਜਦੋਂ ਗੰਢਾ ਭੰਨਿਆ ਤੇ ਗੰਢਾ ਭੰਨਣ ਵੇਲੇ ਬਾਬਾ ਬੁੱਢਾ ਸਾਹਿਬ ਜੀ ਦੇ ਮੁੱਖ ਵਿੱਚੋਂ ਪਹਿਲਾ ਬਚਨ ਨਿਕਲਿਆ, ਮਾਤਾ ਜੀ, ਤੁਹਾਡੇ ਘਰ ਐਸਾ ਸੂਰਬੀਰ ਯੋਧਾ ਪ੍ਰਗਟ ਹੋਵੇਗਾ ਜਿਵੇਂ ਅਸੀਂ ਗੰਢਾ ਭੰਨਿਆ ਹੈ, ਉਹ ਯੋਧਾ ਮੁਗਲਾਂ ਦਾ, ਦੁਸ਼ਮਣਾਂ ਦਾ ਇਸੇ ਤਰ੍ਹਾਂ ਸਿਰ ਭੰਨੇਗਾ। ਕਹਿੰਦੇ, ਮਾਤਾ ਜੀ, ਜਿਵੇਂ ਅਸੀਂ ਗੰਢਾ ਭੰਨਿਆ ਹੈ, ਇਸੇ ਤਰ੍ਹਾਂ ਹੀ ਇਹੋ ਜਿਹਾ ਯੋਧਾ ਪ੍ਰਗਟ ਹੋਵੇਗਾ ਜਿਹੜਾ ਜ਼ੁਲਮ ਕਰਨ ਵਾਲਿਆਂ ਦੇ ਸਿਰ ਭੰਨੇਗਾ। ਧਿਆਨ ਦੇਣਾ। ਹੁਣ ਮਿੱਸੇ ਪ੍ਰਸ਼ਾਦੇ ਦੀ ਗਰਾਹੀ ਤੋੜੀ, ਥੋੜ੍ਹਾ ਜਿਹਾ ਮੱਖਣ ਲਗਾਉਂਦੇ ਹਨ, ਦਹੀਂ ਲਗਾਉਂਦੇ ਹਨ, ਬਾਬਾ ਜੀ ਜੱਟ ਸੀ, ਬਾਅਦ ਵਿੱਚ ਲੱਸੀ ਦਾ ਛੰਨਾ ਪੀਂਦੇ ਹਨ। ਫਿਰ ਗਰਾਹੀ ਤੋੜਦੇ ਹਨ, ਫਿਰ ਗੰਢਾ ਲੈਂਦੇ ਹਨ, ਮੁੱਖ ਵਿੱਚ ਪਾਉਂਦੇ ਹਨ। ਫਿਰ ਲੱਸੀ ਦਾ ਘੁੱਟ ਭਰਦੇ ਹਨ। ਪਿਆਰ ਨਾਲ ਲਿਆਂਦਾ ਸੀ, ਭੁੱਖ ਵੀ ਲੱਗੀ ਸੀ। ਦੋ-ਤਿੰਨ ਗਰਾਹੀਆਂ, ਬਾਬਾ ਜੀ ਛਕਦੇ ਹਨ। ਐਸਾ ਸੁਆਦ ਆਉਂਦਾ ਹੈ। ਮਾਤਾ ਜੀ ਬੈਠੇ ਹਨ। ਫਿਰ ਦੂਜਾ ਬਚਨ ਕੀਤਾ, ਕਹਿੰਦੇ, ਮਾਤਾ ਜੀ, ਜਿਹੜੇ ਪਿਆਰ ਨਾਲ ਲੱਸੀ ਲਿਆਏ ਹੋ, ਪ੍ਰਸ਼ਾਦੇ ਲਿਆਏ ਹੋ, ਗੰਢੇ ਲਿਆਏ ਹੋ, ਦਹੀਂ ਲਿਆਏ ਹੋ, ਇੰਨਾ ਸੁਆਦ ਏ। ਦੂਜਾ ਬਚਨ ਕੀਤਾ, ਮਾਤਾ ਜੀ, ਇਹੋ ਜਿਹਾ ਪੁੱਤਰ ਪ੍ਰਗਟ ਹੋਵੇਗਾ ਜਿਸ ਦੇ ਸਰੀਰਕ ਬਲ ਨੂੰ ਦੁਨੀਆਂ ਦੀ ਕੋਈ ਤਾਕਤ ਤੋਲ ਨਹੀਂ ਸਕੇਗੀ। ਦੂਜਾ ਬਚਨ ਕੀਤਾ। ਧਿਆਨ ਦੇਣਾ, ਇੱਕ ਹੁੰਦਾ ਹੈ, ਸਾਡੇ ਸਰੀਰ ਦਾ ਵਜ਼ਨ। ਕਿਸੇ ਦਾ ਸੱਠ ਕਿਲੋ, ਕਿਸੇ ਦਾ ਅੱਸੀ ਕਿਲੋ, ਕਿਸੇ ਦਾ ਸੋ ਕਿਲੋ, ਇੱਕ ਸਰੀਰਕ ਪੁਜੀਸ਼ਨ ਹੈ। ਇੱਕ ਹੁੰਦਾ ਹੈ ਸਰੀਰ ਦੇ ਅੰਦਰ ਬਲ ਹੈ, ਬਾਬਾ ਬੁੱਢਾ ਸਾਹਿਬ ਜੀ

**ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਨੇ ਮਾਤਾ ਗੰਗਾ ਜੀ ਦੀ ਝੋਲੀ ਵਿੱਚ ਤਿੰਨ ਬਚਨ ਪਾਏ**

**ਪਹਿਲਾ ਬਚਨ- ਐਸਾ ਪੁੱਤਰ ਪ੍ਰਗਟ ਹੋਵੇਗਾ ਜਿਸ ਤਰ੍ਹਾਂ ਅਸੀਂ ਗੰਢਾ ਭੰਨਿਆ ਹੈ, ਇਸੇ ਤਰ੍ਹਾਂ ਜ਼ੁਲਮ ਕਰਨ ਵਾਲਿਆਂ ਦੇ ਸਿਰ ਭੰਨੇਗਾ।**

**ਦੂਜਾ ਬਚਨ- ਇਹੋ ਜਿਹਾ ਪੁੱਤਰ ਹੋਵੇਗਾ ਜਿਸ ਦੀ ਸਰੀਰਕ ਤਾਕਤ ਨੂੰ ਦੁਨੀਆਂ ਦੀ ਤਾਕਤ ਤੋਲ ਨਹੀਂ ਸਕੇਗੀ।**

**ਤੀਜਾ ਬਚਨ- ਮਾਤਾ ਜੀ, ਇਹੋ ਜਿਹਾ ਯੋਧਾ ਪ੍ਰਗਟ ਹੋਵੇਗਾ, ਉਸ ਵਿੱਚ ਇੰਨੇ ਗੁਣ ਹੋਣਗੇ ਕਿ ਦੁਨੀਆਂ ਦੀ ਕੋਈ ਰਸਨਾ ਉਸ ਦੇ ਗੁਣਾਂ ਦਾ ਅੰਤ ਨਹੀਂ ਪਾ ਸਕੇਗੀ।**

ਕਹਿੰਦੇ ਹਨ, ਇੱਕ ਇਹੋ ਜਿਹਾ ਯੋਧਾ ਪ੍ਰਗਟ ਹੋਵੇਗਾ ਜਿਸ ਦੀ ਤਾਕਤ ਸਾਰੀ ਦੁਨੀਆਂ ਤੋਲ ਨਹੀਂ ਸਕੇਗੀ। ਬੜੇ ਪਿਆਰ ਨਾਲ ਕਹਿ ਦਿਓ ਸਾਰੇ :

***ਗੁਝੀ ਛੰਨੀ ਨਾਹੀ ਬਾਤ ॥***
***ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥***

*(ਅੰਗ ੩੯੬)*

ਇਹ ਜਿਹੜਾ ਦੂਜਾ ਬਚਨ ਸੁਣਿਆ ਹੈ, ਭਾਈ ਗੁਰਦਾਸ ਜੀ ਨੇ ਇਸ ਦਾ ਜ਼ਿਕਰ ਵੀ ਕੀਤਾ ਹੈ :

***ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ ॥***

*(ਵਾਰ : ੧, ਪਉੜੀ ੪੮)*

ਐਸਾ ਪੁੱਤਰ ਪ੍ਰਗਟ ਹੋਵੇਗਾ, ਉਸ ਦੇ ਸਰੀਰ ਦੀ ਤਾਕਤ ਦੁਨੀਆਂ ਦੀ ਕੋਈ ਤਾਕਤ ਤੋਲ ਨਹੀਂ ਸਕੇਗੀ। ਮਿੱਸੇ ਪ੍ਰਸ਼ਾਦੇ ਦੀ ਗਰਾਹੀ ਤੋੜਦੇ ਹਨ, ਗੰਢਾ ਤੋੜਦੇ ਹਨ, ਦਹੀਂ ਰੱਖਦੇ ਹਨ, ਰਸਨਾ ਨੂੰ ਲਗਾਉਂਦੇ ਹਨ, ਫਿਰ ਲੱਸੀ ਦਾ ਘੁੱਟ ਭਰਦੇ ਹਨ, ਮਾਤਾ ਜੀ ਬਾਬਾ ਜੀ ਕੋਲੋਂ ਬਚਨ ਝੋਲੀ ਵਿੱਚ ਪੁਆ ਰਹੇ ਹਨ।

***ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥***

*(ਅੰਗ ੨੬੩)*

ਗਰਾਹੀ ਤੋੜਦੇ ਹਨ, ਉਹ ਸੀਨ ਸਾਹਮਣੇ ਆ ਜਾਂਦਾ ਹੈ। ਦੋ-ਚਾਰ ਗਰਾਹੀਆਂ ਛਕਣ ਤੋਂ ਬਾਅਦ ਬਾਬਾ ਜੀ ਫਿਰ ਵਿਸਮਾਦ ਵਿੱਚ ਆ ਜਾਂਦੇ ਹਨ, ਕਹਿੰਦੇ, ਮਾਤਾ ਜੀ, ਇਹ ਤੀਜਾ ਬਚਨ, ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਲਿਖਿਆ ਹੈ ਕਿ ਬਾਬਾ ਬੁੱਢਾ ਸਾਹਿਬ ਜੀ ਨੇ ਤੀਜਾ ਬਚਨ ਕੀਤਾ। ਪਹਿਲੇ ਦੋ ਭੁੱਲ ਨਾ ਜਾਣਾ। ਪਹਿਲਾ ਬਚਨ, ਐਸਾ ਪੁੱਤਰ ਪ੍ਰਗਟ ਹੋਵੇਗਾ ਜਿਸ ਤਰ੍ਹਾਂ ਅਸੀਂ ਗੰਢਾ ਭੰਨਿਆ ਹੈ, ਇਸੇ ਤਰ੍ਹਾਂ ਜ਼ੁਲਮ ਕਰਨ ਵਾਲਿਆਂ ਦੇ ਸਿਰ ਭੰਨੇਗਾ। ਦੂਜਾ ਬਚਨ, ਇਹੋ ਜਿਹਾ ਪੁੱਤਰ ਪ੍ਰਗਟ ਹੋਵੇਗਾ ਜਿਸ ਦੀ ਸਰੀਰਕ ਤਾਕਤ ਨੂੰ ਦੁਨੀਆਂ ਦੀ ਕੋਈ ਤਾਕਤ ਤੋਲ ਨਹੀਂ ਸਕੇਗੀ। ਪਿਆਰ ਵਿੱਚ ਗਰਾਹੀਆਂ ਛਕੀ ਜਾਂਦੇ ਹਨ ਬਾਬਾ ਜੀ ਤੇ ਤੀਜਾ ਬਚਨ ਕੀਤਾ, ਮਾਤਾ ਜੀ, ਇਹੋ ਜਿਹਾ ਯੋਧਾ ਪ੍ਰਗਟ ਹੋਵੇਗਾ, ਉਸ ਵਿੱਚ ਇੰਨੇ ਗੁਣ ਹੋਣਗੇ ਕਿ ਦੁਨੀਆਂ ਦੀ ਕੋਈ ਰਸਨਾ ਉਸ ਦੇ ਗੁਣਾਂ ਦਾ ਅੰਤ ਨਹੀਂ ਪਾ ਸਕੇਗੀ। ਗੁਣ ਗਾਏ ਜਾਣਗੇ ਪਰ ਅੰਤ ਨਹੀਂ।

***ਜਿਹਵਾ ਏਕ ਕਵਨ ਗੁਨ ਕਹੀਐ ॥***
***ਬੇਸੁਮਾਰ ਬੇਅੰਤ ਸੁਆਮੀ***
***ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥***

*(ਅੰਗ ੬੭੪)*

***ਗੁਝੀ ਛੰਨੀ ਨਾਹੀ ਬਾਤ ॥***
***ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥***

*(ਅੰਗ ੩੯੬)*

***ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥***

*(ਅੰਗ ੮੦੨)*

ਜਿਹੜੇ ਬਚਨ ਬਾਬਾ ਜੀ ਕੋਲੋਂ ਮਾਤਾ ਗੰਗਾ ਜੀ ਨੇ ਆਪਣੀ ਝੋਲੀ ਵਿੱਚ ਪੁਆਏ, ਅੱਜ ਦੇ ਦਿਨ ਇਹ ਕਿਰਪਾ ਹੋਈ। ਛੇਵੇਂ ਪਾਤਸ਼ਾਹ ਜੀ ਦਾ ਆਗਮਨ ਹੋਇਆ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਸਿਫਤ ਕੀਤੀ ਹੈ, ਛੇਵੇਂ ਪਾਤਸ਼ਾਹ ਜੀ ਦੀ, ਕਹਿੰਦੇ ਕੌਣ ਆ ਗਿਆ ਜਿਹੜਾ ਧਰਮ ਦੀਆਂ ਜੜ੍ਹਾਂ ਡੂੰਘਾਈ ਤੱਕ ਲਗਾ ਦੇਵੇਗਾ। ਇਹ ਸ਼ਬਦ ਦੀ ਪੰਕਤੀ, ਜਿਹੜਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੱਜ ਦੇ ਦਿਨ ਉਚਾਰਿਆ ਹੈ :

***ਸਤਿਗੁਰ ਸਾਚੈ ਦੀਆ ਭੇਜਿ ॥***

*(ਅੰਗ ੩੯੬)*

ਅੱਗੇ ਜਾ ਕੇ ਕਹਿੰਦੇ :

***ਵਧੀ ਵੇਲਿ ਬਹੁ ਪੀੜੀ ਚਾਲੀ ॥***
***ਧਰਮ ਕਲਾ ਹਰਿ ਬੰਧਿ ਬਹਾਲੀ ॥***

*(ਅੰਗ ੩੯੬)*

ਕਹਿੰਦੇ ਇਹ ਜਿਹੜੀ ਵੇਲ ਵਧੀ ਹੈ, ਜਿੰਨ੍ਹਾਂ ਨੇ ਅੱਜ ਦੇ ਦਿਨ ਆਗਮਨ ਲਿਆ, ਇਹ ਧਰਮ

ਦੀਆਂ ਜੜ੍ਹਾਂ ਦੁਨੀਆਂ ਦੇ ਧੁਰ ਤੱਕ ਲਗਾ ਦੇਵੇਗਾ।

ਆਪ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਫਤ ਕੀਤੀ ਹੈ। ਬਹੁਤ ਸੰਗਤਾਂ ਨੇ ਖੁਸ਼ੀ ਮਨਾਈ। ਕੁਝ ਸਿੱਖਾਂ ਨੇ ਪੁੱਛਿਆ ਵੀ, ਅੱਜ ਦੇ ਦਿਨ, ਸਾਡਾ ਮਨ ਬੜਾ ਖੁਸ਼ ਹੈ, ਬਾਲਕ ਨੇ ਆਗਮਨ ਲਿਆ ਹੈ। ਦਾਸ ਇੱਥੇ ਇੱਕ ਗੱਲ ਸਾਂਝੀ ਕਰਨੀ ਚਾਹੇਗਾ ਥੋੜ੍ਹਾ ਸੇਕਵਾਂ ਸੀ ਕੰਮ। ਕਿਸੇ ਦੇ ਘਰ ਸਾਲ ਬਾਅਦ ਬੱਚਾ ਹੋ ਜਾਵੇ ਤੇ ਆਮ ਗੱਲ ਹੈ 7-8 ਸਾਲ ਬਾਅਦ ਹੋਵੇ, ਸੇਕਵਾਂ ਕਹਿੰਦੇ ਹਨ, ਦਾਤ ਔਖੀ ਮਿਲੀ ਹੈ। ਚਿਰ ਬਾਅਦ ਕਾਰਜ ਹੋਇਆ ਸੀ, ਉਸ ਕਰਕੇ ਖੁਸ਼ੀ ਜ਼ਿਆਦਾ ਸੀ। ਇਹ ਵੀ ਸਾਡੇ ਲਈ ਸਿੱਖਿਆ ਵਾਲੀ ਗੱਲ ਹੈ। ਜਿਵੇਂ ਕਈਆਂ ਦੇ ਘਰ ਕੋਈ ਖੁਸ਼ੀ ਆਵੇ ਤੇ ਕਲੱਬਾਂ ਵਿੱਚ ਪਾਰਟੀਆਂ ਕਰਦੇ ਹਨ, ਮਾਸ ਦੀਆਂ, ਸ਼ਰਾਬ ਦੀਆਂ ਪਾਰਟੀਆਂ ਕਰਦੇ ਹਨ। ਤੁਸੀਂ ਸਾਰੀਆਂ ਸੰਗਤਾਂ ਵੀਰਵਾਰ ਹਫਤਾਵਾਰੀ ਸਤਿਸੰਗ ਵਿੱਚ ਹਾਜ਼ਰੀਆਂ ਭਰਦੇ ਹੋ ਆਪ ਜੀ 'ਤੇ ਕਿਰਪਾ ਹੈ। ਸੰਗਤਾਂ ਨੇ ਪੁੱਛਿਆ, ਅੱਜ ਦੀ ਖੁਸ਼ੀ, ਮਹਾਰਾਜ ਜੀ, ਕਿਵੇਂ ਮਨਾਈਏ। ਇਸੇ ਸ਼ਬਦ ਵਿੱਚ ਮਹਾਰਾਜ ਜੀ ਨੇ ਕਿਹਾ ਹੈ। ਗਰੀਬ ਨਿਵਾਜ ਕਹਿੰਦੇ, ਦੂਜੇ ਢੰਗ ਨਾਲ ਖੁਸ਼ੀ ਮਨਾਉਣੀ, ਫਿਰ ਖੁਸ਼ੀ ਵੀ ਸੋਗ ਬਣ ਜਾਂਦੀ ਹੈ। ਖੁਸ਼ੀ ਇੰਝ ਮਨਾਓ :

***ਗੁਰਬਾਣੀ ਸਖੀ ਅਨੰਦੁ ਗਾਵੈ ॥***
***ਸਾਚੇ ਸਾਹਿਬ ਕੈ ਮਨਿ ਭਾਵੈ ॥***

*(ਅੰਗ ੩੯੬)*

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕਹਿਣ ਲੱਗੇ, ਜੇ ਕਿਸੇ ਚੀਜ਼ ਦੀ ਖੁਸ਼ੀ ਹੋਈ ਹੈ ਤੇ ਗੁਰਬਾਣੀ ਦਾ ਨੇਮ ਵਧਾ ਦਿਓ। ਉਸ ਦੇ ਗੁਣ ਗਾਓ। ਉਸ ਦੀ ਵਡਿਆਈ ਕਰੋ। ਗੁਰਬਾਣੀ ਦਾ ਨੇਮ ਵਧਾਓ। ਗੁਰੂ ਸਾਹਿਬ ਕਹਿੰਦੇ, ਇਸ ਤਰ੍ਹਾਂ ਮਨਾਈ ਖੁਸ਼ੀ ਸੱਚੇ ਪਾਤਸ਼ਾਹ ਜੀ ਦੇ ਦਰ 'ਤੇ ਮਨਜ਼ੂਰ ਹੋ ਜਾਂਦੀ ਹੈ। ਹੁਣ ਤੁਹਾਡੇ ਘਰ ਕੋਈ ਖੁਸ਼ੀ ਆਵੇ ਤੇ ਤੁਸੀਂ ਸਾਰੇ ਰਿਸ਼ਤੇਦਾਰਾਂ ਨੂੰ ਕਲੱਬ ਵਿੱਚ ਪਾਰਟੀ ਦਿਓ, ਤੁਹਾਡੀ ਖੁਸ਼ੀ ਸੋਗ ਬਣ ਸਕਦੀ ਹੈ। ਤੁਹਾਡੀ ਖੁਸ਼ੀ ਗੁਰੂ ਨੂੰ ਨਹੀਂ ਭਾਏਗੀ। ਤੁਸੀਂ ਭਾਵੇਂ ਦੁਨੀਆਂ ਦੀ ਵਾਹਵਾ-ਵਾਹਵਾ ਲੈ ਲਓਗੇ। ਜੇ ਸੰਗਤ ਨੂੰ ਬੁਲਾ ਕੇ ਕੀਰਤਨ ਕਰਵਾਓ, ਅਰਦਾਸ ਕਰਵਾਓ, ਕਹਿੰਦੇ ਉਸ ਖੁਸ਼ੀ 'ਤੇ ਗੁਰੂ ਸਾਹਿਬ ਜੀ ਦੀਆਂ ਮੋਹਰਾਂ ਲੱਗ ਜਾਣਗੀਆਂ। ਭਾਵ ਗੁਰੂ ਸਾਹਿਬ ਜੀ ਦੇ ਮਨ ਨੂੰ ਭਾਅ ਜਾਵੋਗੇ।

***ਗੁਰਬਾਣੀ ਸਖੀ ਅਨੰਦੁ ਗਾਵੈ ॥***
***ਸਾਚੇ ਸਾਹਿਬ ਕੈ ਮਨਿ ਭਾਵੈ ॥***

*(ਅੰਗ ੩੯੬)*

ਯਤਨ ਕਰੋ ਕਿ ਕੋਈ ਖੁਸ਼ੀ ਮਨਾਉਣੀ ਹੋਵੇ, ਉਸ ਵਿੱਚ ਗੁਰੂ ਸਾਹਿਬ ਵਸੇ ਹੋਣ। ਦੁਨੀਆਂ ਨੂੰ ਦੋ ਨੰਬਰ 'ਤੇ ਰੱਖਿਆ ਕਰੋ। ਗੁਰੂ ਸਾਹਿਬ ਨੂੰ ਇੱਕ ਨੰਬਰ 'ਤੇ। ਜੇ ਗੁਰੂ ਰਾਜ਼ੀ ਹੈ ਤੇ ਦੁਨੀਆਂ ਆਪਣੇ ਆਪ ਖੁਸ਼ ਹੋ ਜਾਵੇਗੀ। ਜੇ ਗੁਰੂ ਵੱਲ ਨਹੀਂ ਤੇ ਸਾਰੇ ਹੀ ਤੇਰੇ ਵੈਰੀ ਬਣ ਸਕਦੇ ਹਨ। ਇਹ ਮਹਾਰਾਜ ਜੀ ਨੇ ਖੁਸ਼ੀ ਮਨਾਉਣ ਦਾ ਢੰਗ ਦੱਸਿਆ :

***ਗੁਰਬਾਣੀ ਸਖੀ ਅਨੰਦੁ ਗਾਵੈ ॥***
***ਸਾਚੇ ਸਾਹਿਬ ਕੈ ਮਨਿ ਭਾਵੈ ॥***

*(ਅੰਗ ੩੯੬)*

ਇਹ ਉਸ ਦੇ ਮਨ ਨੂੰ ਭਾਉਂਦੀ ਹੈ। ਕੋਈ ਖੁਸ਼ੀ ਹੋਵੇ, ਪਹਿਰਾਵਾ ਉਹੋ ਜਿਹਾ ਪਾਇਆ ਕਰੋ ਜਿਹੜਾ ਗੁਰੂ ਸਾਹਿਬ ਨੂੰ ਭਾਉਂਦਾ ਹੋਵੇ। ਸਿਰ 'ਤੇ ਦੁਪੱਟਾ ਲੈਣਾ ਹੀ ਲੈਣਾ ਹੈ। ਕੋਈ ਨਾ ਲਵੇ। ਉਸ ਨੇ ਸੰਗਤ ਨਹੀਂ ਕੀਤੀ, ਵੱਖਰੀ ਬਾਤ ਹੈ। ਅਸੀਂ ਸੰਗਤ ਕਰਨ ਵਾਲੇ ਹਾਂ ਤੇ ਇਹ ਨਹੀਂ ਖੁਸ਼ੀ ਆ ਗਈ ਤੇ ਗੁਰੂ ਦੀ ਵਰਦੀ ਸਿਰ ਤੋਂ ਉੱਤਰ ਜਾਵੇ। ਹਜ਼ਾਰ ਬੰਦਾ ਬੈਠਾ ਹੈ ਪਾਰਟੀ ਵਿੱਚ। ਵਿੱਚੋਂ 500 ਦੀ ਚੁੰਨੀ ਲੱਥੀ ਹੈ। 300 ਦੇ ਚੁੰਨੀ ਹੈ ਨਹੀਂ ਗਲ ਵਿੱਚ। ਹੋਰਨਾਂ ਦੀ ਹੋਰ ਪੁਜ਼ੀਸ਼ਨ ਹੈ। ਸਿਰ 'ਤੇ ਚੁੰਨੀ ਲਈ ਹੈ ਤੇ ਪਾਰਟੀ ਵਿੱਚ ਤੁਸੀਂ ਬੈਠੇ ਹੋ। ਜੇ ਤੁਹਾਨੂੰ ਕੋਈ ਉਂਗਲ ਕਰਕੇ ਕਹਿੰਦਾ ਵੀ ਹੈ ਤੇ ਹਾਥੀ ਦੀ ਚਾਲ ਚਲੋ। ਮੈਂ ਗੁਰੂ ਦਾ ਹੁਕਮ ਮੰਨਿਆ ਹੈ। ਇਹ ਸਾਰੇ ਮਗਰ ਲੱਗੇ

ਫਿਰਨਗੇ, ਜੇ ਗੁਰੂ ਵੱਲ ਹੈ। ਹਾਥੀ ਦੀ ਚਾਲ ਚਲਿਆ ਕਰੋ। ਬਾਬਾ ਜੀ ਕਹਿੰਦੇ, ਹਾਥੀ ਚਲਦਾ ਹੈ, ਕੁੱਤੇ ਭੌਂਕਦੇ ਰਹਿੰਦੇ ਹਨ। ਉਹ ਆਪਣੀ ਚਾਲ ਚਲਦਾ ਰਹਿੰਦਾ ਹੈ, ਆਪਣੇ ਗੁਰੂ ਨੂੰ ਇੱਕ ਨੰਬਰ 'ਤੇ ਰੱਖਿਆ ਹੈ। ਕੋਈ ਖੁਸ਼ੀ ਰਿਸ਼ਤੇਦਾਰਾਂ ਵਿੱਚ ਆ ਗਈ ਹੈ ਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਚੁੰਨੀ ਸਿਰ ਤੋਂ ਹੀ ਲੱਥ ਜਾਵੇ ਜਾਂ ਕੋਈ ਹੋਰ ਪਹਿਰਾਵਾ ਜਿਹੜਾ ਗੁਰੂ ਸਾਹਿਬ ਨੂੰ ਨਹੀਂ ਭਾਉਂਦਾ ਉਹ ਨਹੀਂ ਪਾਉਣਾ। ਗੁਰੂ ਸਾਹਿਬ ਨੂੰ ਸੰਗਤਾਂ ਕਹਿੰਦੀਆਂ, ਖੁਸ਼ੀ ਕਿਵੇਂ ਮਨਾਈਏ। ਗੁਰੂ ਸਾਹਿਬ ਕਹਿੰਦੇ :

***ਗੁਰਬਾਣੀ ਸਖੀ ਅਨੰਦੁ ਗਾਵੈ ॥***
***ਸਾਚੇ ਸਾਹਿਬ ਕੈ ਮਨਿ ਭਾਵੈ ॥***

*(ਅੰਗ ੩੯੬)*

ਧਿਆਨ ਦੇਣਾ ਜੀ। ਹੁਣ ਮਾਂ ਨੂੰ ਚਾਅ ਹੁੰਦਾ ਹੈ। ਥੋੜ੍ਹੇ ਜਿਹੇ ਦਿਨਾਂ ਦੇ ਹੋਏ ਛੇਵੇਂ ਪਾਤਸ਼ਾਹ ਜੀ ਤੇ ਮਾਤਾ ਗੰਗਾ ਜੀ ਕਹਿੰਦੇ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿ ਬਾਲਕ ਦਾ ਨਾਮ ਰੱਖ ਦਿਓ। ਬੱਚੇ ਦਾ ਨਾਮ ਰੱਖੋ ਤੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਗੰਗਾ ਜੀ, ਜਿਨ੍ਹਾਂ ਦੇ ਬਚਨ ਨਾਲ ਇਹ ਬਾਲਕ ਧਰਤੀ 'ਤੇ ਆਏ ਹਨ, ਨਾਂ ਅਸੀਂ ਨਹੀਂ ਰੱਖਣਾ, ਨਾਂ ਵੀ ਉਹੋ ਹੀ ਰੱਖਣਗੇ। ਛੇਵੇਂ ਪਾਤਸ਼ਾਹ ਜੀ ਦਾ ਨਾਮ ਵੀ ਬਾਬਾ ਬੁੱਢਾ ਸਾਹਿਬ ਜੀ ਨੇ ਰੱਖਿਆ ਹੈ। ਥੋੜ੍ਹੇ ਜਿਹੇ ਵੱਡੇ ਹੋਏ। ਜਿਵੇਂ ਸਕੂਲੇ ਬੱਚੇ ਨੂੰ ਪਾਉਂਦੇ ਹਾਂ, ਮਾਤਾ ਗੰਗਾ ਜੀ ਕਹਿੰਦੇ, ਕਿੱਥੇ ਪਾਈਏ ਬੱਚੇ ਨੂੰ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਚਿੰਤਾ ਕਰਨ ਦੀ ਲੋੜ ਨਹੀਂ। ਜਿਨ੍ਹਾਂ ਦੇ ਬਚਨ ਨਾਲ ਬਾਲਕ ਧਰਤੀ 'ਤੇ ਆਇਆ ਹੈ, ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਲਿਖਿਆ ਆਇਆ ਹੈ, ਅੱਖਰੀ ਵਿਦਿਆ, ਇਹ ਹੁੰਦੀ ਹੈ, ਦੁਨਿਆਵੀ ਪੜ੍ਹਾਈ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਇਨ੍ਹਾਂ ਨੂੰ ਅੱਖਰੀ ਵਿਦਿਆ ਪੜ੍ਹਾਓ। ਬਾਬਾ ਬੁੱਢਾ ਸਾਹਿਬ ਜੀ ਜੱਟ ਸੀ ਤੇ ਘਾਹ ਖੋਦਦੇ ਪਏ ਸੀ। ਹੱਥ ਵਿੱਚ ਰੰਬਾ ਸੀ। ਜਦੋਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕਿਹਾ, ਬਾਬਾ ਜੀ, ਬੱਚੇ ਨੂੰ ਵਿਦਿਆ ਪੜ੍ਹਾਓ। ਆਪ ਜੀ ਕਿਰਪਾ ਕਰੋ ਤੇ ਬਾਬਾ ਬੁੱਢਾ ਸਾਹਿਬ ਜੀ ਦੇ ਮੁੱਖ ਵਿੱਚੋਂ ਨਿਕਲਿਆ :

***ਮੈਂ ਤੌਂ ਘਾਸ ਕੋ ਰਾਖਾ।***

ਮੈਂ ਤਾਂ ਘਾਹ ਦੀ ਰਾਖੀ ਕਰਨ ਵਾਲਾ, ਵਿਦਿਆ ਕਿਵੇਂ ਪੜ੍ਹਾਵਾਂ ਤੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੱਗੋਂ ਬਚਨ ਕੀਤਾ :

***ਤੈ ਤਾਂ ਸਕਲ ਜਗਤ ਕੋ ਰਾਖਾ।***

ਉਹ ਕਹਿੰਦੇ, ਮੈਂ ਤਾਂ ਘਾਹ ਦਾ ਰਾਖਾ।

***ਮੈਂ ਤੌਂ ਘਾਸ ਕੋ ਰਾਖਾ।***

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ :

***ਤੈ ਤਾਂ ਸਕਲ ਜਗਤ ਕੋ ਰਾਖਾ।***

ਦੁਨਿਆਵੀ ਵਿਦਿਆ ਬਾਬਾ ਬੁੱਢਾ ਸਾਹਿਬ ਜੀ ਨੇ ਪੜ੍ਹਾਈ। ਅੱਖਰੀ ਵਿਦਿਆ, ਧਾਰਮਿਕ ਵਿਦਿਆ, ਇਹ ਵੀ ਬਾਬਾ ਬੁੱਢਾ ਸਾਹਿਬ ਜੀ ਨੇ ਕਰਵਾਈ। ਅੱਗੋਂ ਸੁਣ ਕੇ ਹੈਰਾਨ ਹੋਵੋਗੇ ਸ਼ਸਤਰ ਵਿਦਿਆ। 100 ਸਾਲ ਉਮਰ ਹੋਵੇਗੀ। ਉੱਪਰ ਹੀ ਹੋਵੇਗੀ ਜਦੋਂ ਇਹ ਗੱਲ ਵਾਪਰ ਰਹੀ ਹੈ ਪਰ ਬਾਬਾ ਬੁੱਢਾ ਸਾਹਿਬ ਜੀ ਨੇ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਸਤਰ ਵਿਦਿਆ ਸਿਖਾਈ 11 ਸਾਲ ਦੀ ਉਮਰ ਤੇ ਗੁਰਗੱਦੀ 'ਤੇ ਬਿਰਾਜਮਾਨ ਜਿਹੜੇ ਦਾਤੇ ਅੱਜ ਧਰਤੀ 'ਤੇ ਆਏ।

***ਦੋ ਤਲਵਾਰਾਂ ਬੱਧੀਆਂ***
***ਇਕ ਮੀਰੀ ਦੀ ਇਕ ਪੀਰੀ ਦੀ।***
***ਇਕ ਅਜ਼ਮਤਿ ਦੀ, ਇਕ ਰਾਜ ਦੀ,***
***ਇਕ ਰਾਖੀ ਕਰੈ ਵਜ਼ੀਰੀ ਦੀ।***

*(ਗਾਇਕ ਨੱਥਾ ਅਤੇ ਅਬਦੁੱਲਾ)*

***ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥***

*(ਅੰਗ ੮੦੨)*

***ਦੀਨ ਦੁਨੀ ਦਾ ਪਾਤਸਾਹ ਪਾਤਸਾਹਾਂ ਪਾਤਸਾਹ ਅਡੋਲਾ।***

*(ਵਾਰ : ੩੯, ਪਉੜੀ ੩)*

ਹੁਣ ਅਖੀਰਲੀ ਗੱਲ ਕਹਿ ਕੇ ਦਾਸ ਸਮਾਪਤੀ ਕਰਨ ਲੱਗਾ ਹੈ। ਜਿਸ ਨੇ ਵੀ ਅੰਮ੍ਰਿਤ ਨਹੀਂ ਛਕਿਆ, ਉਹ ਗੱਲ ਸੁਣ ਕੇ ਗੁਰੂ ਘਰ ਅੱਗੇ ਵਿਕ ਜਾਵੇ। ਇੱਕ ਗੱਲ ਦਾ ਸਾਰਿਆਂ ਨੂੰ ਮਾਣ ਹੋਣਾ ਚਾਹੀਦਾ ਹੈ। ਜਿਹੜੇ ਗੁਰੂ ਸਾਹਿਬ ਜੀ ਦਾ ਪੱਲਾ ਤੁਸੀਂ ਫੜਿਆ ਹੈ, ਉਨ੍ਹਾਂ ਵਿੱਚ ਇੱਕ ਗੁਣ ਨਹੀਂ ਕਿ ਉਹ ਸਿਰਫ ਭਗਤ ਹਨ, ਇੱਕ ਗੁਣ ਨਹੀਂ ਕਿ ਉਹ ਸਿਰਫ ਦਾਤੇ ਹਨ, ਇੱਕ ਗੁਣ ਨਹੀਂ ਕਿ ਉਹ ਸਿਰਫ ਸੂਰਮੇ ਹਨ, ਛੇਵੇਂ ਪਾਤਸ਼ਾਹ ਜੀ, ਤੁਸੀਂ ਭਗਤ ਵੀ ਹੋ, ਤੁਸੀਂ ਸੂਰਮੇ ਵੀ ਹੋ, ਤੁਸੀਂ ਦਾਤੇ ਵੀ ਹੋ।

***ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥***

***(ਅੰਗ ੮੦੨)***

ਇਹ ਰੱਬ ਦੀ ਦਰਗਾਹ ਵਿੱਚ ਖਾਨਾ ਖਾਲੀ ਪਿਆ ਸੀ ਕਿ ਜਿਹੜਾ ਭਗਤ ਵੀ ਹੋਵੇ, ਸੂਰਮਾ ਵੀ ਹੋਵੇ, ਦਾਤਾ ਵੀ ਹੋਵੇ। ਉਹ ਛੇਵੇਂ ਪਾਤਸ਼ਾਹ ਜੀ ਧਰਤੀ 'ਤੇ ਆਏ। ਇਹ ਗੱਲਾਂ ਨਹੀਂ, ਹਕੀਕਤ ਹੈ। ਚਾਰ ਜੰਗਾਂ ਲੜੀਆਂ ਹਨ, ਚਾਰੇ ਜਿੱਤੀਆਂ ਹਨ, ਸੂਰਮੇ। ਇੱਕ ਗੱਲ ਸੁਣ ਲਓ, ਜਿਹੜੇ ਮੁਖੀ ਹੁੰਦੇ ਹਨ, 500 ਬੰਦਿਆਂ ਦਾ ਕਮਾਂਡਰ ਹੈ, 1000 ਬੰਦਿਆਂ ਦਾ ਕਮਾਂਡਰ ਹੈ। ਇਹ ਤੁਹਾਨੂੰ ਪਤਾ ਹੈ ਜਾਂ ਨਹੀਂ। ਚਾਰੇ ਜੰਗਾਂ ਵਿੱਚ ਇਕ ਕਮਾਂਡਰ ਵੀ ਛੇਵੇਂ ਪਾਤਸ਼ਾਹ ਜੀ ਨੇ ਵਾਪਸ ਨਹੀਂ ਜਾਣ ਦਿੱਤਾ, ਉਸ ਨੂੰ ਮੌਤ ਦੇ ਘਾਟ ਉਤਾਰ ਕੇ ਭੇਜਿਆ ਹੈ। ਸੂਰਮੇ, ਉਹ ਵੀ ਸਿਰੇ ਦੇ। ਭਗਤ ਵੇਖ ਲਓ, ਇਹ ਕੋਈ ਛੋਟੀ ਗੱਲ ਹੈ ਸ਼ਾਮ ਦੇ ਛੇ ਵਜੇ ਹੋਣ, ਜੰਗ ਸਮਾਪਤ ਹੋ ਜਾਵੇ ਤੇ ਮੁਸਲਮਾਨਾਂ ਦੀਆਂ ਲਾਸ਼ਾਂ ਸਰੀਰ ਦਫਨਾਉਂਦੇ ਹਨ, ਸਿੱਖਾਂ ਦੇ ਸਰੀਰਾਂ ਨੂੰ ਅਗਨ ਭੇਟ ਕਰਦੇ ਹਨ ਤੇ ਨਾਲ ਹੀ ਕਹਿੰਦੇ ਹਨ, ਸੰਧਿਆ ਦੇ ਦੀਵਾਨ ਸਜਾ ਦਿਓ, ਕੈਸੇ ਭਗਤ ਹਨ। ਜੰਗ ਦੇ ਮੈਦਾਨ ਵਿੱਚ ਵੀ ਜਦ ਅੰਮ੍ਰਿਤ ਵੇਲਾ ਹੋਇਆ ਤੇ ਗੁਰੂ ਸਾਹਿਬ ਜੀ ਨੇ ਆਸਾ ਜੀ ਦੀ ਵਾਰ ਦਾ ਨੇਮ ਨਹੀਂ ਛੱਡਿਆ। ਇਹ ਕੀਰਤਨ, ਮਹਾਰਾਜ ਜੀ ਕਹਿੰਦੇ, ਮੇਰੀ ਖੁਰਾਕ ਹੈ।

***ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥***

***(ਅੰਗ ੮੦੨)***

ਪਛਾਣੋ ਗੁਰੂ ਸਾਹਿਬ ਨੂੰ। ਇੱਕ ਹੁੰਦਾ ਹੈ ਬੰਦਾ ਸੂਰਮਾ, ਜੰਗ ਲੜੀ ਹੈ। ਸੂਰਮੇ ਵੀ ਹਨ, ਭਗਤ ਵੀ ਹਨ ਇਹ ਕੋਈ ਛੋਟੀ ਗੱਲ ਹੈ। ਜਿਹੜੇ ਸ਼ਹੀਦ ਹੋਏ, ਇੱਕ ਪਾਸੇ ਉਨ੍ਹਾਂ ਦਾ ਸਸਕਾਰ ਹੋ ਰਿਹਾ ਹੈ ਤੇ ਦੂਜੇ ਪਾਸੇ ਸੰਧਿਆ ਦੇ ਦੀਵਾਨ ਸਜ ਜਾਣ ਕੈਸੇ ਭਗਤ ਹਨ। ਪਿਆਰ ਵਿੱਚ ਆ ਕੇ ਕਹਿੰਦੇ ਹਨ, ਜੇ ਕੋਈ ਚਿੱਤ ਜੋੜ ਕੇ ਸ਼ੁੱਧ ਜਪੁਜੀ ਸਾਹਿਬ ਜੀ ਦਾ ਪਾਠ ਸੁਣਾਓ ਤੇ ਭਗਤ ਕੈਸੇ ਹਨ ਕਿ ਜੇ ਭਾਈ ਗੋਪਾਲਾ ਜੀ ਨੇ ਚਿੱਤ ਜੋੜ ਕੇ ਪੜ੍ਹਨ ਵਾਲੇ ਤੇ ਇੰਨਾ ਦਿਆਲੂ ਹੋ ਜਾਂਦੇ ਹਨ ਕਿ ਉਸ ਨੂੰ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਦੀ ਗੱਦੀ ਦਾ ਮਾਲਕ ਹੀ ਬਣਾ ਦੇਣਾ ਹੈ। ਕੈਸੇ ਭਗਤ ਹਨ, ਦਾਤੇ ਵੀ ਹਨ, ਭਗਤ ਵੀ ਹਨ, ਸੂਰਮੇ ਵੀ ਹਨ। ਦਾਤੇ ਕੈਸੇ ਹਨ, ਦਾਤਾ ਕੌਣ ਹੁੰਦਾ ਹੈ? ਜਗਤ ਨੂੰ ਇਹੋ ਜਿਹਾ ਬਚਨ ਕਰਕੇ ਸਰੀਰਕ ਤੌਰ 'ਤੇ ਭਾਵੇਂ ਚਲਾ ਜਾਂਦਾ ਹੈ ਪਰ ਦੁਨੀਆਂ ਦੀਆਂ ਝੋਲੀਆਂ ਭਰਦਾ ਰਹਿੰਦਾ ਹੈ। ਲੁਧਿਆਣੇ ਕੋਲ ਗੁਰਦੁਆਰਾ ਹੈ, ਗੁਰੂਸਰ ਸਾਹਿਬ। ਉੱਥੇ ਭਾਈ ਪ੍ਰੇਮਾ ਹੋਇਆ ਹੈ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਤੂੰ ਘੋੜੇ ਦੀ ਵਾਗ ਫੜ ਲੈ। ਜਿਧਰ ਜਾਣਾ ਹੈ, ਤੈਨੂੰ ਰਾਹ ਪਤਾ ਹੈ। ਘੋੜੇ ਦੀ ਵਾਗ ਫੜ ਲੈ ਰਸਤਾ ਵਿਖਾਈ ਜਾ। ਜਿਹੜੀ ਪਿੰਡਾਂ ਦੀ ਪਗਡੰਡੀ ਹੁੰਦੀ ਹੈ, ਉਹ ਉੱਤੋ ਪਲੇਨ ਹੁੰਦੀ ਹੈ। ਜਿਹੜੇ ਵੀ ਰਾਹੀ ਨੇ ਤੁਰਨਾ ਹੁੰਦਾ ਹੈ, ਉਹ ਉਸ 'ਤੇ ਤੁਰਦਾ ਹੈ। ਘੋੜੇ ਦੀ ਵਾਗ ਫੜੀ ਹੋਵੇ ਤੇ ਬੰਦੇ ਨੂੰ ਸਾਈਡ ਤੇ ਤੁਰਨਾ ਪੈਂਦਾ ਹੈ। ਸਾਈਡ 'ਤੇ ਕੰਡੇ। ਭਾਈ ਪ੍ਰੇਮਾ ਤੁਰਿਆ ਜਾਂਦਾ ਹੈ, ਕੰਡੇ ਚੁੱਭਦੇ ਹਨ। ਛੇਵੇਂ ਪਾਤਸ਼ਾਹ ਜੀ ਘੋੜੇ 'ਤੇ ਬੈਠੇ ਹਨ। ਉਹ ਘੋੜੇ ਨੂੰ ਰਸਤਾ ਵਿਖਾਈ ਜਾਂਦਾ ਹੈ, ਤੁਰੀ ਜਾਂਦਾ ਹੈ। ਕਹਿੰਦੇ, ਕੰਡੇ ਇੰਨੇ ਚੁੱਭ ਗਏ ਕਿ ਲਹੂ ਵਗਣ ਲੱਗ ਪਿਆ। ਲਹੂ ਜ਼ਿਆਦਾ ਵਗਣ ਲੱਗ ਪਿਆ। ਕਹਿੰਦਾ ਹੈ, ਸ਼ੁਕਰ ਹੈ, ਮੇਰੇ ਵਰਗੇ ਘਟੀਆ ਬੰਦੇ ਨੂੰ ਛੇਵੇਂ

ਪਾਤਸ਼ਾਹ ਜੀ ਨੇ ਸੇਵਾ ਦਿੱਤੀ ਹੈ। ਸ਼ੁਕਰ ਹੈ, ਮੈਨੂੰ ਸੇਵਾ ਬਖਸ਼ੀ ਹੈ। ਮਹਾਰਾਜ ਜੀ, ਕਿੰਨੇ ਵੱਡੇ ਹੋਣਗੇ, ਇੱਕ ਸਿੱਖ ਨੂੰ ਕਹਿੰਦੇ ਹਨ, ਇੱਟਾਂ, ਰੋੜੇ ਸੰਗਤਾਂ ਨੂੰ ਅਵਾਜ਼ ਦੇ ਕੇ ਦੂਜੀ ਜਗ੍ਹਾ ਸੁਟਵਾ ਲੈ। ਉਹ ਸਿੱਖ ਆਪ ਚੁੱਕਣ ਲੱਗ ਪਿਆ, ਦੂਜੀ ਜਗ੍ਹਾ ਸੁੱਟਣ ਲੱਗ ਪਿਆ। ਟੋਕਰੇ ਚੁੱਕਦਾ ਹੈ, ਆਪ ਸੁੱਟਦਾ ਹੈ। ਥੋੜ੍ਹੇ ਚਿਰ ਬਾਅਦ ਗੁਰੂ ਸਾਹਿਬ ਵੇਖਦੇ ਹਨ, ਇਕੱਲਾ ਹੀ ਸੇਵਾ ਲੱਗਾ ਹੈ। ਮਹਾਰਾਜ ਕਹਿੰਦੇ, ਤੈਨੂੰ ਕਿਹਾ ਹੈ, ਸੰਗਤਾਂ ਕੋਲੋਂ ਰੋੜੇ ਇਧਰ ਸੁਟਾ, ਸਿੱਖਾਂ ਕੋਲ ਰੋੜੇ ਇਧਰ ਸੁਟਾ। ਹੱਥ ਜੋੜ ਕੇ ਕਹਿੰਦਾ ਹੈ, ਮਹਾਰਾਜ ਮੈਂ ਵੀ ਤੁਹਾਡਾ ਸਿੱਖ ਹਾਂ। ਮੈਨੂੰ ਆਪ ਜੀ ਨੇ ਸੁਮੱਤ ਦਿੱਤੀ ਹੈ, ਲੋਕਾਂ ਨੂੰ ਉਪਦੇਸ਼ ਦੇਣ ਨਾ ਲੱਗ ਜਾਵਾਂ, ਸੋਚਿਆ ਕਿ ਪਹਿਲਾਂ ਆਪ ਹਾਜ਼ਰੀ ਲਗਵਾ ਲਵਾਂ, ਫਿਰ ਕਿਸੇ ਨੂੰ ਅਵਾਜ਼ ਦਿਆ। ਐਸੇ-ਐਸੇ ਸੋਝੀ ਵਾਲੇ ਸਿੱਖ, ਪ੍ਰੇਮ ਵਾਲੇ ਸਿੱਖ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਹਾਜ਼ਰੀ ਭਰਦੇ ਹਨ।

***ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥***

*(ਅੰਗ ੧੨੮੮)*

ਕੋਈ ਬੂਟਾ ਲਗਾਓ, ਉਸ ਦੀ ਜੜ੍ਹ ਪਹਿਲਾਂ ਥੱਲੇ ਜਾਂਦੀ ਹੈ, ਫਿਰ ਦੂਜਿਆਂ ਨੂੰ ਛਾਂ ਦੇਣ ਵਾਲਾ ਬਣਦਾ ਹੈ। ਅੱਜ ਕੱਲ੍ਹ ਕਹਿੰਦੇ, ਛਾਂ ਪਹਿਲਾਂ ਦੇ ਦੇਈਏ, ਜੜ੍ਹ ਭਾਵੇਂ ਕੱਚੀ ਹੀ ਰਹਿ ਜਾਵੇ। ਅਵਰਾ ਨਾਮ ਜਪਾਵਹੁ ਦਾ ਜ਼ਿਆਦਾ ਜ਼ੋਰ ਹੈ। ਆਪਿ, ਕਹਿੰਦੇ ਕਿ ਕੋਈ ਗੱਲ ਨਹੀਂ। ਗੁਰੂ ਸਾਹਿਬ ਕਹਿੰਦੇ, ਪਹਿਲਾਂ ਆਪ ਕਰੋ।

***ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥***

*(ਅੰਗ ੨੯੦)*

ਜੇ ਨਹੀਂ ਅਜਿਹਾ ਫਿਰ :

***ਅਵਰ ਉਪਦੇਸੈ ਆਪਿ ਨ ਕਰੈ ॥***
***ਆਵਤ ਜਾਵਤ ਜਨਮੈ ਮਰੈ ॥***

*(ਅੰਗ ੨੬੯)*

ਇਹ ਭਾਈ ਪ੍ਰੇਮਾ ਜੀ ਦੇ ਪੈਰਾਂ ਵਿੱਚੋਂ ਲਹੂ ਸਿੰਮਣ ਲੱਗ ਪਿਆ। ਜਦੋਂ ਗੁਰੂ ਸਾਹਿਬ ਨੇ ਖ਼ੂਨ ਦੇ ਨਿਸ਼ਾਨ ਵੇਖੇ ਮਗਰ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਹਾ, ਤੂੰ ਦੱਸਿਆ ਨਹੀਂ, ਤੇਰੇ ਇੰਨੇ ਕੰਡੇ ਚੁੱਭੇ। ਕਹਿਣ ਲੱਗਾ, ਸ਼ੁਕਰ ਹੈ, ਮਹਾਰਾਜ ਜੀ ਸੇਵਾ ਮਿਲੀ। ਮਹਾਰਾਜ ਜੀ ਕਹਿੰਦੇ, ਵਾਗ ਛੱਡ ਦੇ। ਤੂੰ ਵੀ ਪਗਡੰਡੀ ਦੇ ਉੱਤੇ ਆ ਜਾ। ਤੂੰ ਅੱਗੇ-ਅੱਗੇ ਤੁਰੀ ਜਾ। ਸਾਡਾ ਘੋੜਾ ਤੇਰੇ ਮਗਰ ਮਗਰ ਆਈ ਜਾਵੇਗਾ। ਕਹਿਣ ਲੱਗਾ, ਸਤਿਗੁਰੂ ਜੀ ਸੇਵਾ ਬਖਸ਼ੀ ਹੈ, ਤਾਂ ਦਾਸ ਨੂੰ ਨੀਵੇਂ ਹੋ ਕੇ ਤੁਰਨ ਦੀ ਆਗਿਆ ਦੇਵੋ ਮੈਂ ਤੁਹਾਡੇ ਬਰਾਬਰ ਨਹੀਂ ਤੁਰਨਾ ਚਾਹੁੰਦਾ, ਮੈਨੂੰ ਨੀਵਾਂ ਹੀ ਰਹਿਣ ਦਿਓ। ਇਹ ਕੰਡੇ ਗਰੀਬ ਨਿਵਾਜ, ਬਖਸ਼ਸ਼ ਹੈ। ਧਿਆਨ ਦੇਣਾ। ਉਸ ਦਾ ਪ੍ਰੇਮ ਵੇਖ ਕੇ ਆਪਣਾ ਜੋੜਾ, ਹੁਣ ਦਾਤਾ ਕਿਹੜਾ ਹੈ, ਦਾਤੇ ਦੀ ਗੱਲ ਹੈ, ਛੇਵੇਂ ਪਾਤਸ਼ਾਹ ਜੀ ਆਪਣਾ ਜੋੜਾ ਦਿੰਦੇ ਹਨ ਤੇ ਕਹਿੰਦੇ ਹਨ, ਪ੍ਰੇਮਿਆ, ਜੇ ਉੱਤੇ ਨਹੀਂ ਤੁਰਨਾ ਤੇ ਸਾਡਾ ਜੋੜਾ ਪਾ ਲੈ। ਅਸੀਂ ਤਾਂ ਘੋੜੇ ਤੇ ਹਾਂ। ਜਦੋਂ ਮਹਾਰਾਜ ਜੀ ਨੇ ਜੋੜਾ ਦਿੱਤਾ ਤੇ ਭਾਈ ਪ੍ਰੇਮਾ ਜੀ ਸਤਿਗੁਰੂ ਜੀ ਦਾ ਜੋੜਾ ਲੈ ਕੇ ਨੱਚਣ ਲੱਗ ਪਿਆ ਤੇ ਜੋੜਾ ਅੱਖਾਂ ਨੂੰ, ਮੱਥੇ ਨੂੰ ਲਗਾ ਕੇ, ਸਿਰ 'ਤੇ ਬੰਨ੍ਹ ਲਿਆ। ਮਹਾਰਾਜ ਜੀ, ਇਹ ਜੋੜਾ ਤੁਹਾਡੇ ਚਰਨਾਂ ਵਿੱਚ ਪਿਆ ਹੈ। ਮੇਰੇ ਪੈਰਾਂ ਵਿੱਚ ਪੈਂਦਾ ਚੰਗਾ ਨਹੀਂ ਲੱਗਦਾ। ਇਸ ਦੀ ਜਗ੍ਹਾ ਮੇਰੇ ਸਿਰ ਦੇ ਉੱਤੇ ਹੈ। ਆਹ ਦਾਤਾ ਹੈ। ਮੌਜ ਵਿੱਚ ਆ ਕੇ ਕਹਿੰਦੇ ਓ ਪ੍ਰੇਮਿਆ, ਇਹ ਜੋੜਾ ਜੋੜਾ ਹੀ ਹੈ ਪਰ ਤੇਰੀ ਸ਼ਰਧਾ ਜਿਹੜੀ ਹੈ, ਉਸਨੇ ਜੋੜੇ ਨੂੰ ਵੀ ਪੂਜਣਯੋਗ ਬਣਾ ਦਿੱਤਾ ਹੈ। ਤੇਰੇ ਨਾਲ ਬਚਨ ਕਰਦੇ ਹਾਂ, ਜਿਹੜਾ ਪਿਆਰ ਨਾਲ ਇਸ ਜੋੜੇ ਦੇ ਦਰਸ਼ਨ ਕਰੇਗਾ, ਉਸ ਦੀਆਂ ਮਨੋਕਾਮਨਾਵਾਂ ਪੂਰੀਆਂ ਹੋਇਆ ਕਰਨਗੀਆਂ। ਇਹ ਅੱਜ ਵੀ ਲੁਧਿਆਣੇ ਕੋਲ ਗੁਰਦੁਆਰਾ ਹੈ, ਗੁਰਦੁਆਰਾ ਗੁਰੂਸਰ ਸੁਧਾਰ ਜਿੱਥੇ ਮਹੀਨੇ ਬਾਅਦ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਲੋਕੀਂ ਦਰਸ਼ਨ ਕਰਦੇ ਹਨ, ਅਰਦਾਸਾਂ ਵੀ ਕਰਦੇ ਹਨ, ਅੱਜ ਵੀ ਝੋਲੀਆਂ ਭਰਦੀਆਂ ਹਨ। ਦਾਤਾ ਰਸਨਾ ਵਿੱਚੋਂ ਬਚਨ ਕਰ

ਦੇਵੇ, ਰਹਿੰਦੀ ਦੁਨੀਆਂ ਤੱਕ ਝੋਲੀਆਂ ਭਰੀਦਆਂ ਹਨ। ਕਈ ਵਾਰ ਤਸਵੀਰ ਵੇਖਦੇ ਹੋ, ਬਿਬੇਕਸਰ ਵੀ ਲੱਗੀ ਹੋਈ ਹੈ। ਛੇਵੇਂ ਪਾਤਸ਼ਾਹ ਜੀ ਦੇ ਮਗਰ ਜਿਹੜੇ ਚੌਰ ਸਾਹਿਬ ਕਰ ਰਹੇ ਹਨ, ਇਨ੍ਹਾਂ ਦਾ ਨਾਮ ਭਾਈ ਜੋਧਕਾ ਸਚਿਆਰ ਜੀ। ਛੇਵੇਂ ਪਾਤਸ਼ਾਹ ਉਨ੍ਹਾਂ ਦੀ ਨਿਰਵੈਰਤਾ ਤੋਂ ਖੁਸ਼ ਹੋ ਗਏ। ਉਨ੍ਹਾਂ ਦੀ ਸੇਵਾ ਤੋਂ ਖੁਸ਼ ਹੋ ਕੇ ਕਹਿੰਦੇ, ਭਾਈ ਜੋਧਕਾ ਸਚਿਆਰ, ਕੁਝ ਮੰਗ ਲੈ। ਤੈਨੂੰ ਇੰਨਾ ਚਿਰ ਹੋ ਗਿਆ ਹੈ ਸੇਵਾ ਕਰਦਿਆਂ ਪਰ ਅੱਜ ਤੱਕ ਤੂੰ ਕਿਸੇ ਨਾਲ ਲੜਿਆ ਨਹੀਂ। ਅਸੀਂ ਤੇਰੀ ਨਿਰਵੈਰਤਾ ਤੋਂ ਤੇਰੀ ਸੇਵਾ ਤੋਂ ਖੁਸ਼ ਹੋ ਗਏ ਹਾਂ। ਤੇਰੇ ਵਰਗੇ ਸਿੱਖ ਸਿੱਖੀ ਵਿੱਚ ਇਕ ਮਿਸਾਲ ਹਨ। ਦੁਨੀਆਂ ਲਈ ਮਿਸਾਲ ਹਨ ਜਿਨ੍ਹਾਂ ਨੇ ਆਪਣਾ ਆਪ ਗਵਾਇਆ ਹੈ। ਅਰਦਾਸ ਵਿੱਚ ਕਹਿੰਦੇ ਹੋ :

***ਜਿਨ੍ਹਾਂ ਨੇ ਦੇਖ ਕੇ ਅਣਡਿੱਠ ਕੀਤਾ,***
***ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ***
***ਖਾਲਸਾ ਜੀ, ਬੋਲੋ ਜੀ ਵਾਹਿਗੁਰੂ ॥***

***(ਅਰਦਾਸ)***

ਤੂੰ ਉਹ ਸਿੱਖ ਹੈਂ, ਕੁਝ ਮੰਗ ਲੈ ਤੇ ਭਾਈ ਜੋਧਕਾ ਸਚਿਆਰ ਜੀ ਬੜੀ ਜੁਗਤੀ ਵਾਲੇ ਨਿਕਲੇ ਤੇ ਝੋਲੀ ਅੱਡ ਕੇ ਬੇਨਤੀ ਕਰਦੇ ਹਨ, ਹੇ ਗਰੀਬ ਨਿਵਾਜ! ਜੇਕਰ ਇਸ ਨਿਮਾਣੇ ਸੇਵਕ 'ਤੇ ਤੁੱਠੇ ਹੋ ਤਾਂ ਕ੍ਰਿਪਾ ਕਰੋ ਜਿੱਥੋਂ ਤੱਕ ਮੇਰੀ ਕੁੱਲ ਚੱਲੇ, ਮੇਰੀ ਕੁੱਲ ਵਿੱਚੋਂ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਦਾ ਵਾਸਾ ਨਾ ਨਿਕਲੇ। ਪਾਤਸ਼ਾਹ ਜੀ ਕਹਿੰਦੇ, ਅਸੀਂ ਤਾਂ ਸੋਚਿਆ ਕਿ ਮਕਾਨ ਮੰਗ ਲਏਂਗਾ, ਪੁੱਤਰ ਮੰਗ ਲਏਂਗਾ, ਹੱਦ ਇਹ ਮੰਗ ਲਏਂਗਾ ਮੇਰਾ ਪਾਰ ਉਤਾਰ ਹੋ ਜਾਵੇ। ਹੱਦ ਇਹ ਮੰਗ ਲਏਂਗਾ ਮੇਰੇ ਪਰਿਵਾਰ ਦਾ ਪਾਰ ਉਤਾਰਾ ਹੋ ਜਾਵੇ। ਇਹ ਕੀ ਮੰਗ ਲਿਆ ਈ? ਹੁਣ ਤੇਰੇ ਤਿੰਨ ਪੁੱਤਰ ਹਨ। ਉਨ੍ਹਾਂ ਦੀ ਅੱਗੋਂ ਔਲਾਦ। ਉਨਾਂ ਦੀ ਅੱਗੋਂ ਔਲਾਦ। ਜਿੱਥੋਂ ਤੱਕ ਕੁੱਲ ਚੱਲੇ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਦਾ ਵਾਸਾ। ਇੰਨੀ ਵੱਡੀ ਦਾਤ ਛੇਵੇਂ ਪਾਤਸ਼ਾਹ ਜੀ ਕਹਿੰਦੇ, ਭਾਈ ਜੋਧਕਾ ਸਚਿਆਰ, ਤੇਰੇ ਨਾਲ ਬਚਨ ਕਰਦੇ ਹਾਂ, ਤੇਰੀ ਕੁੱਲ ਵਿੱਚ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਦਾ ਵਾਸਾ ਰਹੇਗਾ। ਇਹ ਹਕੀਕਤ ਹੈ ਦਾਸ ਨੇ ਚੈੱਕ ਕੀਤਾ ਹੈ। ਤੁਸੀਂ ਕਰ ਲਓ। ਤਰਨ ਤਾਰਨ ਸਾਹਿਬ ਵਿਖੇ 15-20 ਪਰਿਵਾਰ ਰਹਿੰਦੇ ਹਨ, ਭਾਈ ਜੋਧਕਾ ਸਚਿਆਰ ਜੀ ਦੀ ਕੁੱਲ ਵਿੱਚੋਂ। ਅੰਮ੍ਰਿਤਸਰ ਕਿੰਨੇ ਹੀ ਪਰਿਵਾਰ ਰਹਿੰਦੇ ਹਨ, ਭਾਈ ਜੋਧਕਾ ਸਚਿਆਰ ਜੀ ਦੀ ਕੁੱਲ ਵਿੱਚੋਂ। ਉਹ ਬਚਨ ਕੀਤਿਆਂ ਕਿੰਨੇ ਸਾਲ ਹੋ ਗਏ ਹਨ, ਦਾਸ ਨੇ ਚੈੱਕ ਕੀਤਾ ਹੈ ਕਿ ਭਾਈ ਜੋਧਕਾ ਸਚਿਆਰ ਜੀ ਦੀ ਕੁੱਲ ਵਿੱਚ ਅੱਜ ਵੀ ਕਿਰਪਾ ਵਰਤ ਰਹੀ ਹੈ। ਕਿਸੇ ਦਾ ਦਰਬਾਰ ਸਾਹਿਬ ਅੰਮ੍ਰਿਤ ਵੇਲੇ ਜਾਣ ਦਾ ਚਾਰ ਵਜੇ ਦਾ ਨੇਮ ਹੈ, ਕਿਸੇ ਦਾ ਤਿੰਨ ਵਜੇ ਦਾ, ਕਿਸੇ ਦਾ ਪੰਜ ਵਜੇ ਦਾ, ਘਰ ਵਿੱਚ ਸਿੱਖੀ ਹੈ, ਕਿਰਪਾ ਹੈ। ਦਾਸ ਨੇ ਕਿਹਾ, ਛੇਵੇਂ ਪਾਤਸ਼ਾਹ ਜੀ, ਇੱਕ ਬਚਨ ਕੀਤਾ ਤੇ ਰਹਿੰਦੀ ਦੁਨੀਆਂ ਤੱਕ ਉਹ ਬਚਨ ਵਰਤ ਰਿਹਾ ਹੈ।

ਤੁਹਾਡੇ ਵਿੱਚੋਂ ਜਿਹੜਾ ਵੀ ਕੋਈ ਐਸਾ ਹੈ ਜੋ ਗੁਰੂ ਦਾ ਨਹੀਂ ਬਣਿਆ, ਉਨ੍ਹਾਂ ਨੂੰ ਬੇਨਤੀ ਹੈ ਅੰਮ੍ਰਿਤ ਛਕੋ। ਜੋ ਗੁਰੂ ਸਾਹਿਬ ਜੀ ਦੇ ਉਪਦੇਸ਼ ਹਨ, ਕੇਸਾਂ ਦੀ ਬੇਅਦਬੀ ਨਹੀਂ, ਚੁੰਨੀ ਸਿਰ 'ਤੇ ਰੱਖਣੀ ਹੈ।

***ਨੰਗੇ ਕੇਸੀਂ ਮਾਰਗ ਟੁਰੇ ਸੋ ਤਨਖਾਹੀਆ।***

ਜਿੰਨੇ ਮਾਈ ਭਾਈ ਕੋਈ ਐਸੇ ਦਾਤੇ ਦਾ ਨਹੀਂ ਬਣਿਆ, ਤਾਂ ਅੰਦਰੋਂ ਬਣਿਓ। ਅੱਜ ਕਿਹੜਾ ਦਿਹਾੜਾ ਹੈ:

***ਗੁਝੀ ਛੰਨੀ ਨਾਹੀ ਬਾਤ ॥***
***ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥***

***(ਅੰਗ ੩੯੬)***

੦੦੦

# ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਮਰਪਿਤ
# ਗੁਰ ਇਤਿਹਾਸ ਪ੍ਰਸ਼ਨੋਤਰੀ

*-ਭਾਈ ਰੇਸ਼ਮ ਸਿੰਘ ਸੁਖਮਨੀ ਸਾਹਿਬ ਸੇਵਾ ਵਾਲੇ*

**1. ਪ੍ਰ. ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਕਿਹੜੀ ਪਵਿੱਤਰ ਧਰਤੀ 'ਤੇ ਹੋਇਆ?**

**ਉੱਤਰ :** ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਸ੍ਰੀ ਗੋਇੰਦਵਾਲ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ) ਦੀ ਪਵਿੱਤਰ ਧਰਤੀ 'ਤੇ ਹੋਇਆ।

**2. ਪ੍ਰ. ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਕਦੋਂ ਹੋਇਆ?**

**ਉੱਤਰ :** 1563 ਈਸਵੀ

**3. ਪ੍ਰ. ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਿਤਾ ਜੀ ਅਤੇ ਮਾਤਾ ਜੀ ਦਾ ਕੀ ਨਾਮ ਹੈ?**

**ਉੱਤਰ :** ਪਿਤਾ ਜੀ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਧੰਨ ਧੰਨ ਮਾਤਾ ਭਾਨੀ ਜੀ।

**4. ਪ੍ਰ. ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਧਰਮ ਸੁਪਤਨੀ (ਮਹਿਲ) ਦਾ ਕੀ ਨਾਮ ਹੈ ਅਤੇ ਮਾਤਾ ਜੀ ਦੇ ਪੇਕੇ ਕਿਹੜੇ ਨਗਰ ਵਿੱਚ ਸਨ?**

**ਉੱਤਰ :** ਸਤਿਗੁਰੂ ਜੀ ਦੇ ਮਹਿਲਾਂ ਦਾ ਨਾਮ ਧੰਨ ਧੰਨ ਮਾਤਾ ਗੰਗਾ ਜੀ ਸੀ ਅਤੇ ਮਾਤਾ ਗੰਗਾ ਜੀ ਦੇ ਪੇਕੇ ਪਿੰਡ ਮੌ ਸਾਹਿਬ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਵਿੱਚ ਸੀ।

**5. ਪ੍ਰ. ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਪੰਜਵੇਂ ਪਾਤਸ਼ਾਹ ਜੀ ਦੇ ਦੁਨਿਆਵੀ ਰਿਸ਼ਤੇ ਵਿੱਚ ਕੀ ਲੱਗਦੇ ਸਨ?**

**ਉੱਤਰ :** ਦੁਨਿਆਵੀ ਰਿਸ਼ਤੇ ਵਿੱਚ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ, ਪੰਜਵੇਂ ਪਾਤਸ਼ਾਹ ਜੀ ਦੇ 'ਨਾਨਾ ਜੀ' ਲੱਗਦੇ ਸਨ।

**6. ਪ੍ਰ. ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਪੰਜਵੇਂ ਪਾਤਸ਼ਾਹ ਜੀ ਨੂੰ ਬਚਪਨ ਵਿੱਚ ਹੀ ਕਿਹੜਾ ਮਹਾਨ ਵਰ ਬਖਸ਼ਿਸ਼ ਕੀਤਾ?**

**ਉੱਤਰ :** ਜਦੋਂ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਇੱਕ ਦਿਨ ਪਲੰਘ 'ਤੇ ਬੈਠੇ ਹੋਏ, ਸਿਮਰਨ ਕਰ ਰਹੇ ਸਨ ਤਾਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਬਚਪਨ ਵਿੱਚ ਰਿੜ੍ਹਦੇ-ਰਿੜ੍ਹਦੇ ਉਸ ਪਲੰਘ ਕੋਲ ਪਹੁੰਚ ਗਏ, ਜਿਸ ਪਲੰਘ 'ਤੇ ਸਤਿਗੁਰੂ ਜੀ ਬਿਰਾਜਮਾਨ ਸਨ। ਧੰਨ ਧੰਨ ਮਾਤਾ ਭਾਨੀ ਜੀ ਨੇ ਇਕਦਮ ਗੁਰੂ ਜੀ ਨੂੰ ਛੇਤੀ ਨਾਲ ਚੁੱਕਿਆ ਤਾਂ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਬਾਲ ਗੁਰੂ ਅਰਜਨ ਦੇਵ ਜੀ ਵੱਲ ਵੇਖ ਕੇ ਆਪਣੇ ਮੁਖਾਰਬਿੰਦ ਵਿੱਚੋਂ ਬੋਲੇ :

***ਭਾਰੀ ਗੁਰ ਜਗ ਮਹਿ ਬਿਦਤੈ ਹੈ।***
***ਬਾਣੀ ਕੋ ਬੋਹਿਥ ਬਡ ਹ੍ਵੈ ਹੈ।***
***ਤਬਿ ਸ੍ਰੀ ਅਰਜਨ ਚਰਨ ਉਠਾਇਵ।***
***ਊਪਰ ਧਰਨ ਪ੍ਰਯੰਨ ਲੁਭਾਇਵ ॥੫੩॥***

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਅਰਥਾਤ ਇਹ ਜਗਤ ਵਿੱਚ ਵੱਡੇ ਗੁਰੂ ਪ੍ਰਗਟ ਹੋਣਗੇ, ਬਾਣੀ ਦੇ ਵੱਡੇ ਜਹਾਜ਼ ਹੋਣਗੇ ਤਦ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਚਰਨ ਚੁੱਕ ਕੇ ਪਲੰਘ ਦੇ ਉੱਤੇ ਰੱਖ ਕੇ ਬਹੁਤ ਪ੍ਰਸੰਨ ਹੋਏ।

ਫਿਰ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਪੰਜਵੇਂ ਪਾਤਸ਼ਾਹ ਜੀ ਨੂੰ ਵਰ ਦਿੱਤਾ :

*"ਦੋਹਿਤਾ ਬਾਣੀ ਕਾ ਬੋਹਿਥਾ।"*

ਸਤਿਗੁਰੂ ਜੀ ਬੋਲੇ ਕਿ ਸਾਡਾ ਇਹ ਦੋਹਿਤਾ ਇੱਕ ਦਿਨ ਗੁਰਬਾਣੀ ਦਾ ਐਸਾ ਜਹਾਜ਼ ਬਣਾਏਗਾ, ਜੋ ਸੰਸਾਰ-ਸਮੁੰਦਰ ਤੋਂ ਜੀਵਾਂ ਨੂੰ ਪਾਰ ਲੰਘਾਏਗਾ।

**7. ਪ੍ਰ. ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ 1574 ਈ. ਵਿੱਚ ਜੋਤੀ ਜੋਤ ਸਮਾ ਗਏ ਤਾਂ ਉਸ ਤੋਂ ਬਾਅਦ ਕਿਹੜੇ ਮਹਾਨ ਸਤਿਗੁਰੂ ਜੀ ਚੌਥੀ ਗੁਰਿਆਈ 'ਤੇ ਸੁਸ਼ੋਭਿਤ ਹੋਏ?**

**ਉੱਤਰ :** ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ।

**8. ਪ੍ਰ. ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੀ ਪਵਿੱਤਰ ਗੋਦੀ ਦਾ ਕਿੰਨੇ ਸਾਲ ਦੁਨਿਆਵੀ ਉਮਰ ਤੱਕ ਆਨੰਦ ਮਾਣਿਆ?**

**ਉੱਤਰ :** ਤਕਰੀਬਨ ਸਾਢੇ ਗਿਆਰ੍ਹਾਂ ਸਾਲ ਦੀ ਉਮਰ ਤੱਕ।

**9. ਪ੍ਰ. ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਕਿਤਨਾ ਕੁ ਸਮਾਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਰਹੇ?**

**ਉੱਤਰ :** ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਕੁਝ ਕੁ ਮਹੀਨੇ ਹੀ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਰਹੇ ਅਤੇ ਇਸ ਤੋਂ ਬਾਅਦ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ (ਗੁਰੂ ਕਾ ਚੱਕ) ਜਿਸ ਦਾ ਨਾਮ ਬਾਅਦ ਵਿੱਚ ਸ੍ਰੀ ਅੰਮ੍ਰਿਤਸਰ ਰੱਖਿਆ ਗਿਆ, ਇੱਥੇ ਆ ਗਏ।

**10. ਪ੍ਰ. ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਸੰਗਤਾਂ ਸਮੇਤ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਕਿਉਂ ਆ ਗਏ?**

**ਉੱਤਰ :** ਕਿਉਂਕਿ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੂੰ ਪਹਿਲਾਂ ਹੀ ਹੁਕਮ ਕਰ ਦਿੱਤਾ ਸੀ ਕਿ ਤੁਸੀਂ ਗੁਰੂ ਕੇ ਚੱਕ ਜਾ ਕੇ ਨਵਾਂ ਨਗਰ ਵਸਾਉਣਾ ਹੈ। ਜਿੱਥੇ ਅੱਜ ਕੱਲ੍ਹ ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ ਸੁਸ਼ੋਭਿਤ ਹੈ। ਉੱਥੇ ਸ੍ਰੀ ਅੰਮ੍ਰਿਤਸਰ ਸਾਹਿਬ ਨਗਰ ਦੀ ਮੋਹੜ ਗੱਡੀ ਗਈ। ਇਸੇ ਪਾਵਨ ਅਸਥਾਨ ਤੇ ਨੌਂਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪ੍ਰਕਾਸ਼ ਹੋਇਆ।

**11. ਪ੍ਰ. ਜਦੋਂ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ਹਿਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਵਸਾਉਣਾ ਸ਼ੁਰੂ ਕੀਤਾ ਤਾਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਬਚਪਨ ਵਿੱਚ ਪਿਤਾ ਗੁਰੂ ਜੀ ਨਾਲ ਕਿਹੜੀ ਸਹਾਇਤਾ ਕਰਿਆ ਕਰਦੇ ਸਨ?**

**ਉੱਤਰ :** ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਬਚਪਨ ਵਿੱਚ ਹੀ ਇਮਾਰਤਾਂ ਦੀ ਸੇਵਾ, ਸਰੋਵਰ ਦੀ ਖੁਦਾਈ ਅਤੇ ਗੁਰੂ-ਘਰ ਵਿੱਚ ਹੋਰ ਵੀ ਕਈ ਤਰ੍ਹਾਂ ਦੀਆਂ ਸੇਵਾਵਾਂ ਨਿਭਾਉਂਦੇ ਹੋਏ, ਪਿਤਾ ਧੰਨ ਧੰਨ ਸ੍ਰੀ ਗੁਰੂ

ਰਾਮਦਾਸ ਜੀ ਨਾਲ ਹਰ ਤਰ੍ਹਾਂ ਦੀ ਸੇਵਾ ਵਿੱਚ ਹੱਥ ਵਟਾਉਂਦੇ ਸਨ।

**12. ਪ੍ਰ. ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਸਪੁੱਤਰ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਅੰਦਰ ਸੇਵਾ ਭਾਵਨਾ, ਸੰਗਤਾਂ ਨਾਲ ਅਥਾਹ ਪਿਆਰ ਅਤੇ ਸਹਿਣਸ਼ੀਲਤਾ ਵਰਗੇ ਮਹਾਨ ਗੁਣ ਵੇਖੇ ਤਾਂ ਸਤਿਗੁਰੂ ਜੀ ਨੇ ਕਿਹੜਾ ਮਹਾਨ ਫੈਸਲਾ ਕੀਤਾ?**

**ਉੱਤਰ :** ਜਦੋਂ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਅੰਦਰ ਗਹੁ ਨਾਲ ਵਿਚਾਰਿਆ ਤਾਂ ਉਨ੍ਹਾਂ ਨੂੰ ਸੰਗਤਾਂ ਵਿੱਚ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਹੀ ਐਸੀ ਬਖਸ਼ਿਸ਼ ਦੇ ਪਾਤਰ ਬਣਨ ਸੰਬੰਧੀ ਨਜ਼ਰ ਆਏ ਜੋ ਅਗਲੀ ਮਹਾਨ ਗੁਰਿਆਈ ਲੈਣ ਦੇ ਯੋਗ ਅਤੇ ਸਮਰੱਥ ਸਨ, ਇਸ ਕਰਕੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਚਪਨ ਤੋਂ ਹੀ ਬਹੁਤ ਪਿਆਰ ਕਰਨ ਲੱਗ ਪਏ ਸਨ।

**13. ਪ੍ਰ. ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਅੰਦਰ ਹਰ ਤਰ੍ਹਾਂ ਦੇ ਮਹਾਨ ਗੁਣ ਵੇਖੇ ਤਾਂ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਇੱਕ ਦਿਨ ਕਿਹੜਾ ਮਹਾਨ ਫ਼ੈਸਲਾ ਲਿਆ?**

**ਉੱਤਰ :** ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਗਤਾਂ ਦਾ ਬਹੁਤ ਵੱਡਾ ਇਕੱਠ ਸੱਦਿਆ ਅਤੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਮਹਾਨ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਮਹਾਨ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੇ ਪਵਿੱਤਰ ਹੱਥੋਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੰਜਵੇਂ ਗੁਰੂ ਦੀ ਗੁਰਿਆਈ ਬਖਸ਼ ਦਿੱਤੀ।

**14. ਪ੍ਰ. ਜਦੋਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੀਂ ਗੁਰਿਆਈ 'ਤੇ ਸੁਸ਼ੋਭਿਤ ਹੋ ਗਏ ਤਾਂ ਉਸ ਵਕਤ ਉਨ੍ਹਾਂ ਦੀ ਉਮਰ ਕਿਤਨੀ ਕੁ ਸੀ?**

**ਉੱਤਰ :** ਉਸ ਵਕਤ ਪੰਜਵੇਂ ਪਾਤਸ਼ਾਹ ਜੀ ਦੀ ਦੁਨਿਆਵੀ ਉਮਰ 18 ਸਾਲ 4 ਮਹੀਨੇ ਦੇ ਲਗਭਗ ਸੀ।

ਸੰਗਤ ਜੀ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 1581 ਈਸਵੀ ਨੂੰ ਗੁਰਿਆਈ ਦੇਣ ਤੋਂ ਕੁਝ ਦਿਨਾਂ ਬਾਅਦ ਹੀ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਸ੍ਰੀ ਗੋਇੰਦਵਾਲ ਸਾਹਿਬ ਦੀ ਪਵਿੱਤਰ ਧਰਤੀ 'ਤੇ ਜੋਤੀ ਜੋਤ ਸਮਾ ਗਏ ਸਨ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਪਵਿੱਤਰ ਸਸਕਾਰ ਕੀਤਾ।


**ਅੰਮ੍ਰਿਤ ਛਕੋ ਸਿੰਘ ਸਜੋ**

## ਸਮੂਹ ਸੰਗਤਾਂ ਨੂੰ ਬੇਨਤੀ

**ਅੰਮ੍ਰਿਤ ਛਕੋ ਸਿੰਘ ਸਜੋ**

**ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਗੁ: ਜਨਮ ਅਸਥਾਨ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ੍ਰੀ ਪਹੂਵਿੰਡ ਸਾਹਿਬ ਵਿਖੇ ਹਰ ਮਹੀਨੇ ਦੇ ਅਖਰੀਲੇ ਐਤਵਾਰ ਅੰਮ੍ਰਿਤ ਸੰਚਾਰ ਕਰਵਾਇਆ ਜਾਂਦਾ ਹੈ ਅਤੇ ਕਕਾਰ ਭੇਟਾ ਰਹਿਤ ਦਿੱਤੇ ਜਾਂਦੇ ਹਨ। ਜਿਹੜੇ ਪ੍ਰਾਣੀਆਂ ਨੇ ਅੰਮ੍ਰਿਤ ਨਹੀਂ ਛਕਿਆ ਗੁਰੂ ਵਾਲੇ ਬਣ ਕੇ ਕਲਗੀਆਂ ਵਾਲੇ ਦੇ ਬੇੜੇ ਵਿੱਚ ਬੈਠ ਕੇ ਆਪਣਾ ਜੀਵਨ ਸਫਲਾ ਕਰੋ।**

*-ਦਾਸ ਭਾਈ ਗੁਰਇਕਬਾਲ ਸਿੰਘ*

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ ਦੇ ਦਰਗਾਹੀ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-

ਸੰਗ੍ਰਹਿ ਕਰਤਾ- ਸੰਪਾਦਕ

**328** ਆਸਣ ਭਗਤੀ ਕਰਿਆ ਕਰੋ,
ਇਹ ਪੰਛੀ ਦੀ ਉਡਾਰੀ ਹੈ।

**329** ਇੱਕ ਕੀੜੀ ਨੇ ਗੁਰਦੁਆਰੇ ਦੇ ਗੁੰਬਦ 'ਤੇ ਪਹੁੰਚਣਾ ਹੋਵੇ ਤੇ ਕਈ ਮਹੀਨੇ ਲਗਾ ਦੇਵੇਗੀ ਪਰ ਇੱਕ ਪੰਛੀ ਨੇ ਪਹੁੰਚਣਾ ਹੋਵੇ ਤਾਂ ਇੱਕ ਮਿੰਟ ਵਿੱਚ ਪਹੁੰਚ ਜਾਵੇਗਾ।

**330** ਆਸਣ ਲਗਾ ਕੇ ਧਿਆਨ ਧਰਨਾ
ਇਹ ਸਰਗੁਣ ਭਗਤੀ ਹੈ।

**331** ਆਸਣ ਭਗਤੀ ਸਾਂਈ ਨੂੰ ਖਿੱਚ ਪਾ ਕੇ ਰੱਖ ਦਿੰਦੀ ਹੈ
ਫਿਰ ਗੁਰੂ ਸਾਹਿਬ ਨੂੰ ਪਹੁੰਚਣਾ ਹੀ ਪੈਂਦਾ ਹੈ।

## धन्य–धन्य श्री गुरु हरिगोबिंद साहिब जी

# नीचह ऊच करै मेरा गोबिंदु ...

*अनुवादक :*
*जसविंदर सिंघ*
*(पटियाला)*

### (भाई साहिब भाई गुरइकबाल सिंघ जी के कीर्तन–विचारों में से)

***मेरे लालन की सोभा॥***
***सद नवतन मन रंगी सोभा॥१॥रहाउ॥***
***ब्रहम महेस सिध मुनि इंद्रा***
***भगति दानु जसु मंगी॥१॥***
***जोग गिआन धिआन सेखनागै***
***सगल जपहि तरंगी॥***
***कहु नानक संतन बलिहारै***
***जो प्रभ के सद संगी॥२॥३॥***

*(अंग १३२२)*

धन्य श्री गुरु हरिगोबिंद साहिब जी के प्रेम में बोलो– सतिनामु श्री वाहिगुरु! एक भावना बनाकर बैठिए कि धन्य श्री गुरु ग्रंथ साहिब जी के स्वरूप में धन्य श्री गुरु हरिगोबिंद साहिब जी महाराज भी विराजमान हैं। हम सब तुच्छ व असहाय बन कर, उनके चाकर व कूकर बन कर उपमा गायन कर रहे हैं।

***सतिगुरु बंदीछोड़ु है***
***जीवण मुकति करै ओडीणा।***

*(भाई गुरदास जी, वार २६, पउड़ी २०)*

***नीचह ऊच करै मेरा गोबिंदु काहू ते न डरै॥***

*(अंग ११०६)*

एक बार श्रीनगर की तरफ छठम् पातशाह जी पधारे। माता भागभरी की पुकार पर सतिगुरु जी कश्मीर भी गए थे। उस स्थान को भी सतिगुरु जी के चरणों का स्पर्श प्राप्त हुआ है। दिमाग में यह न आए कि छठम् पातशाह जी ने सिर्फ जंगें ही लड़ी हैं। धरती का कोई हिस्सा नहीं छोड़ा। ऐसा कोई गुण नहीं जो सतिगुरु जी में न हो। जंगे भी लड़ी हैं, मगर कहीं–कहीं मौज आई है तो हमें यह भी बताया है कि देखो, जपु जी साहिब का पाठ ध्यान लगाकर करने पर सतिगुरु जी धन्य श्री गुरु नानक देव जी महाराज के घर की गुरुगद्दी देने को भी तैयार हो गए। गुरबाणी पढ़ने की श्रेष्ठता हमें बता दी।

कहीं एक वृद्ध माता साधारण कपड़े का चोला सिल रही है और गुरु साहिब श्री अकाल तख़्त साहिब पर बाबा बुड्ढा साहिब जी की ड्यूटी लगाकर कहने लगे कि हम कश्मीर जा रहे हैं। एक वृद्धा बड़े प्रेम से चोला सिल रही है। जबसे उसने चोला सिलना शुरू किया है, हमारे तन पर कोई वस्त्र सुख नहीं दे रहा है। यह प्रेम भी सिखलाया है कि प्रेम में बंधा बैठा हूँ।

एक छोटा–सा पक्ष श्रीनगर का सामने आया है। गुरु साहिब इतने दयालु हैं! प्रभात का समय था। लगभग आठ–साढ़े आठ बजे का समय था। घोड़े पर सवार होकर सतिगुरु जी

श्रीनगर जा रहे थे। कुछ सिक्ख भी संग थे। कहते हैं कि रास्ते में जाते हुए एक बच्चे के रोने की आवाज़ सुनाई दी। उस बच्चे के रोने की आवाज़ सुनकर मेरे पिता व आपके पिता जी का हृदय इतना पसीज गया कि सहा न गया। छठम् पातशाह जी घोड़ा उधर दौड़ाते हैं जिधर से आवाज़ आ रही है। वह बच्चा, जिसके रोने की आवाज़ आ रही थी, उसकी आयु कह लो, एक या दो दिन की है। वर्णन कैसा था कि एक माँ के घर बच्चे ने जन्म लिया है और साधसंगत जी! शक्ल कुछ और ही प्रकार की थी। रूप–रंग कुछ और ही था। डरावना–सा! रातो–रात वो माता, वो परिवार उस बच्चे को झाड़ियों में फेंक गया। गुरु पिता जी ने उस बच्चे के रोने की आवाज़ सुन कर घोड़ा उधर दौड़ाया। झाड़ियों में देखा कि बच्चा रो रहा है। सतिगुरु जी सिक्ख से कहते हैं कि बच्चे को उठाओ और सिक्ख कहता है कि बच्चा 'कुथरा' है। ध्यान देना! श्रीनगर की भाषा में 'कुथरा' कहते हैं 'बदसूरत' को। बच्चा गंदगी से लथपथ था। जन्म होते ही माँ ने फेंक दिया क्योंकि शक्ल बड़ी बदसूरत थी। सतिगुरु जी सिक्ख से कहते हैं कि "बच्चा रो रहा है, उठा लो!" दास यह बात कहना नहीं चाहता जबकि कहीं–कहीं पर यह भी लिखित में आया है कि बच्चा कुतिया के बच्चों के संग पड़ा हुआ था। चलो, जैसे भी था। सतिगुरु जी सिक्ख से कहते हैं कि बच्चे को उठाओ और सिक्ख कहता है कि बच्चा कुथरा है, बदसूरत है। अब देखो! यह हैं आपके पिता जी! धन्य श्री गुरु हरिगोबिंद साहिब जी ने स्वयं अपने कर–कमलों (हाथों) से उस बदसूरत व गंदे बच्चे को उठाया और अपनी झोली में रख कर सिक्खों से कपड़ा मांगा। उसका चेहरा साफ किया, बदन साफ किया। सतिगुरु जी फिर कहते हैं सिक्ख से कि क्या कहा था तुमने अभी? कहा था कि कुथरा है कुथरा? बच्चा गंदा है? बदसूरत है? इस प्रकार के किसी बच्चे को तुम भी उठा सकते हो! गंदगी तुम भी साफ कर सकते हो! मगर एक चीज वो हम नहीं दे सकते, वही दे सकता है। सिक्खा! तू क्या कहता है कि बच्चा 'कुथरा' है? गुरु साहिब कहते हैं कि अच्छी तरह से देख, 'कुथरा' नहीं, 'सुथरा' है। 'सुथरा' कहते हैं– साफ, स्वच्छ को। यह हम नहीं दे सकते। यह वर दे दिया। जब वर देता है आपका दाता तो फिर कर्मों को हुक्म हो जाता है। धन्य श्री गुरु हरिगोबिंद साहिब कहते हैं, "कुथरा नहीं, सुथरा है!" वर दे दिया– "कुथरा नहीं, सुथरा!" फिर उस बच्चे को पाला। यह है तुम्हारा पिता! जो साखियां आप सुनते हो भाई सुथरा जी की, यह वो बच्चा है, जिसने दशम पातशाह जी तक दर्शन किए और सेवा की। तब से साखियां साथ चलती हैं भाई सुथरा जी की। कमाल की बात है खालसा जी! धन्य श्री गुरु हरिगोबिंद साहिब जी की कृपा। एक माँ ने बदसूरत शक्ल देख कर बच्चे को झाड़ियों में फेंक दिया कि रो कर मर जाएगा, मगर एक उसकी नज़र पड़ गई। उसे केवल साफ ही नहीं किया, बल्कि वर दिया कि 'कुथरा' नहीं 'सुथरा' है। उस बच्चे ने दशम पातशाह तक सेवा की और आज भी आप श्रीनगर चले जाओ, भाई सुथरे शाह जी की गद्दी चली आ रही है। ध्यान देना!

***मेरे लालन की सोभा ॥***
***सद नवतन मन रंगी सोभा ॥१॥ रहाउ ॥***

*(अंग १३२२)*

जिसे फेंक दिया 'कुथरा' जानकर, सतिगुरु जी! आपने सदा के लिए उसकी कुल चला दी, गद्दी चला दी। भाई सुथरे शाह जी की गद्दी श्रीनगर में चलती है। हमें फख्र है छठम् पातशाह जी पर। आओ, छठम् पातशाह जी के बन जाओ!

*हरि जीउ निमाणिआ तू माणु ॥*
*निचीजिआ चीज करे मेरा गोविंदु*
*तेरी कुदरति कउ कुरबाणु ॥*

*(अंग ६२४)*

*मेरे लालन की सोभा ॥*
*सद नवतन मन रंगी सोभा ॥१॥ रहाउ ॥*

*(अंग १३२२)*

ऐसी साखियां सुनकर, मन में दृढ़ता रखो कि इस दुनिया में सबसे बड़ी कोई चीज है तो वो है– गुरु साहिब की कृपा। जिसे किसी ने फेंक दिया, उस भाई सुथरे शाह जी की श्रीनगर में गद्दी चलती है :

*नीचह ऊच करै मेरा गोबिंदु*
*काहू ते न डरै ॥१॥*

*(अंग ११०६)*

अब बताओ, गुरु प्यारियो! छठम् पातशाह जी ने केवल जंग ही किए हैं? ऐसा हृदय है मेरे दाते का :

*निचीजिआ चीज करे मेरा गोविंदु*
*तेरी कुदरति कउ कुरबाणु ॥*

*(अंग ६२४)*

एक वचन सामने आ गया है– संतोष के लिए। गुरु साहिब यह भी साझा करवाएं। आजकल ज्यादा ज़रूरी है, क्योंकि दुनिया इतनी दुखी है कि कह रही है कि जहाँ तक हो सके वहाँ से कुछ न कुछ प्राप्त कर लो। फलाँ आया है, चलो उधर! लग गई भीड़!

*मन किउ बैरागु करहिगा सतिगुरु मेरा पूरा ॥*

*(अंग ३७५)*

गुरबाणी के संग जोड़ने वाले की संगत करो! एक संतोष चाहिए कि पिता कौन है। भाई बिधीचंद जी ने हुक्मानुसार दुशाले चोरी किए। यह गैरत की बात है। पट्टी शहर। कहीं–कहीं पर झूठ सत्य से ऊँचा होता है और कहीं–कहीं पर सत्य भी झूठ से बुरा होता है। यह बड़ी बारीकी की बात है। कई बार हमारे भी पाँच–दस मिनट कलियुग में बीत जाते हैं, जब वो रूठ जाता है।

कुछ दिन पहले की बात है कि दास के घर पर दो महिलाएं आ गईं। दास बैठा था। दास की सुपत्नी बैठी थी व सामने दो महिलाएं बैठी थीं। वे दो महिलाएं दास की सुपत्नी से कहने लगीं कि बहन जी! अगर धन्य श्री गुरु ग्रंथ साहिब जी के कमरे में ले जाकर हमें कसम खाने को कहो, तो भी हम तैयार हैं। फलाँ महिला ने आपके बारे में यह कुछ कहा है। ध्यान देना, दास की सुपत्नी उनकी बातों में आ गई। दास उनके निकट बैठा था। कलियुग आ गया है। तीन बातें उन्होंने कहीं। फलाँ महिला ने यह भी कहा है। फलाँ वक्त पर आपके बारे में ऐसा कहा है और फलाँ वक्त पर वैसा कहा है। ध्यान देना! हम उसके पुत्र हैं। दास ने बैठे–बैठे उन महिलाओं से कहा, "चाहे आप लोग कसम खाने को तैयार हो, इसका मतलब यह है कि हो सकता है आप सच बोल रही हो, लेकिन इस वक्त आपका सच ज़हर से भी ज्यादा नुकसानदेय है जिससे किसी के हृदय में घृणा पैदा हो जाए।" उन दोनों महिलाओं से दास को

कहना पड़ा। दास ने कहा, "गंगू ब्राह्मण ने सत्य ही कहा था कि साहिबजादे मेरे घर पर हैं। झूठ तो नहीं बोला था कि माता गुजरी जी मेरे घर पर नहीं है। जाकर खबर दी।" दास यह बता रहा है कि बोला तो सच था मगर उस सच के पीछे ज़हर छिपा था। यह गहराई की बात है। इसे समझना पड़ेगा। वो सच, जिससे बहुत बड़ी तबाही होने की आशंका हो, कहीं–कहीं पर बोलने से गुरेज करो। साधसंगत जी! आप क्या कहोगे! गंगू ब्राह्मण ने बोला तो सच था, लेकिन सच के पीछे क्या छिपा हुआ था कि मुझे मुहरें मिलेंगी। धन्य श्री गुरु गोबिंद सिंघ जी की माता जी व साहिबजादों को पकड़वाऊँगा और मुझे इनाम मिलेगा। जिस सच के पीछे लालच छिपा हुआ हो, वो सच काहे का? वो तो ज़हर से भी हानिकारक है। उन दोनों महिलाओं से दास ने कहा कि ज्यादा दम मत भरो कि हम सच बोल रही हैं। आपकी तीनों बातों के सच के पीछे ज़हर छिपा हुआ है। आप किसी का घर उजाड़ रही हो और इधर भी मन खराब कर रही हो। चोरी करना गलत है, मगर भाई बिधीचंद जी गुरु–हुक्मानुसार कर रहे हैं... गैरत के लिए। ये दुशाले जब पट्टी में से चोरी किए तो अलार्म बज गया। शहर के दरवाजे बंद कर दिए गए।

दास को जलंधर की नॉलेज नहीं। आज से काफी साल पहले की बात है। अमृतसर जाओ, वहाँ पर हॉल गेट, लोहगढ़ गेट, हाथी गेट, खज़ाने वाला गेट है। गेटों के अंदर शहर है। जब कभी ऐसा मसला बनता तो वे गेट बंद कर दिए जाते। भाई बिधीचंद जी ने दुशाले चोरी किए और अलार्म बज गया। शहर के दरवाजे बंद कर दिए गए। भाई बिधीचंद जी ने भट्ठ (भट्ठी) में छिपने के लिए एकदम छलांग नहीं लगाई। केवल चंद सेकंड के लिए कुछ किया और जो किया, वो अपने घरों में भी लाना। वो क्या किया? सब तरफ देखा कि उसके पीछे पुलिस लगी है। उसने कहा, मेरे पास भट्ठी है छिपने के लिए। भाई बिधीचंद जी ने एकदम छलांग नहीं लगाई। चंद सेकंड के लिए पहले धन्य श्री गुरु हरिगोबिंद साहिब जी के चरणों का ध्यान धर लिया, क्योंकि ध्यान में ताकत है। ध्यान धर कर कहा, "सतिगुरु जी! अब आप ही जानो!" और भट्ठी में छलांग लगा दी। कौन है आपका पिता? ध्यान धर कर जब छलांग लगाई तो छठम् पातशाह जी अमृतसर में बैठे हैं और क्या कहते हैं सिक्खों से कि पानी की बाल्टियां भर कर लाओ और हमारे तन पर डालते जाओ। इतिहास में लिखा है कि छठम् पातशाह जी तब तक पानी की बाल्टियां अपने तन पर डलवाते रहे जब तक भट्ठी ठंडी नहीं हुई। दास के मन की रीझ है, एक मिनट के लिए पढ़ लो सभी :

***ऐथै ओथै तूंहै रखवाला॥***

*(अंग १३२)*

यह धैर्य के लिए वचन किया है। दास ने महापुरुषों से साखी सुनी और दास को बड़ी अच्छी लगी। यह पूरी नहीं रखूंगा, थोड़ा–सा इशारा ही। भीमचंद का वज़ीर था– देवीचंद। यह धन्य श्री गुरु गोबिंद सिंघ जी महाराज की जासूसी करने लगा। मगर सच देखकर गुरु चरणों में बिक गया। मन बेच दिया। आकर जब भीमचंद को धन्य श्री गुरु गोबिंद सिंघ जी की महानता बताई कि वहाँ पर तो 'अमृत वेला' भी है! वहाँ पर 'आसा की वार' भी है! वहाँ पर सिंघ गुरबाणी के साथ भी जुड़ते हैं। भीमचंद! तू सपना देखना छोड़ दे। तू धन्य श्री गुरु गोबिंद सिंघ जी से कभी जीत नहीं सकता। भीमचंद को

